People's Herald
Rs- 100/month
People's Herald



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610
“Equality and Justice”
स्वतंत्रता, समानता, भाईचारा
PATIALA On line paper 22 ਅਪਰੈਲ 2025 ਮੰਗਲਵਾਰ “ਰੋਜ਼ਾਨਾ” ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



# ਭਾਰਤ 'ਚ ਸੜਕ ਹਾਦਸਿਆਂ ਕਾਰਨ ਹਰ ਤਿੰਨ ਮਿੰਟਾਂ ਵਿੱਚ ਇੱਕ ਮੌਤ: ਭਾਰਤ ਦੀਆਂ ਸੜਕਾਂ ਦੁਨੀਆਂ ਦੀਆਂ ਸਭ ਤੋਂ ਘਾਤਕ ਸੜਕਾਂ ਵਿੱਚੋਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਯਾਤਰੀ ਬੱਸਾਂ ਦਾ ਪਹਾੜਾਂ ਦੀਆਂ ਖੱਡਾਂ ਵਿੱਚ ਡਿੱਗਣਾ, ਸ਼ਰਾਬੀ ਡਰਾਈਵਰਾਂ ਦੁਆਰਾ ਪੈਦਲ ਚੱਲਣ ਵਾਲਿਆਂ ਨੂੰ ਕੁਚਲਣਾ, ਕਾਰਾਂ ਦੀ ਖੜ੍ਹੇ ਟਰੱਕਾਂ ਨਾਲ ਟੱਕਰ ਅਤੇ ਵੱਡੇ ਵਾਹਨਾਂ ਦੁਆਰਾ ਦੁਪਹੀਆ ਵਾਹਨਾਂ ਨੂੰ ਟੱਕਰ ਮਾਰਨਾ.. ਅਜਿਹੀਆਂ ਬਹੁਤ ਸਾਰੀਆਂ ਖਬਰਾਂ ਰੋਜ਼ ਹੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ।

ਹਰ ਰੋਜ਼ ਵਾਪਰਨ ਵਾਲੀਆਂ ਇਹ ਦੁਖਦ ਘਟਨਾਵਾਂ ਇੱਕ ਵੱਡੇ ਸੰਕਟ ਨੂੰ ਪੇਸ਼ ਕਰਦੀਆਂ ਹਨ।

ਸਿਰਫ਼ 2023 ਵਿੱਚ ਹੀ, ਭਾਰਤੀ ਸੜਕਾਂ 'ਤੇ 172,000 ਤੋਂ ਵੱਧ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ, ਜਿਸ ਦਾ ਮਤਲਬ ਹੈ - ਹਰ ਰੋਜ਼ ਔਸਤਨ 474 ਮੌਤਾਂ ਜਾਂ ਹਰ ਤਿੰਨ ਮਿੰਟ ਵਿੱਚ ਲਗਭਗ ਇੱਕ ਮੌਤ।

### ਭਿਆਨਕ ਤਸਵੀਰ ਪੇਸ਼ ਕਰਦੇ ਅੰਕੜੇ



ਇਨ੍ਹਾਂ ਸੜਕ ਹਾਦਸਿਆਂ ਦਾ ਇੱਕ ਮੁੱਖ ਕਾਰਨ ਜੋ ਸਾਹਮਣੇ ਆਇਆ ਹੈ, ਉਹ ਹੈ - ਤੇਜ਼ ਰਫ਼ਤਾਰ।

ਇਸ ਦੇ ਨਾਲ ਹੀ ਬੁਨਿਆਦੀ ਸੁਰੱਖਿਆ ਸਾਵਧਾਨੀਆਂ ਦੀ ਘਾਟ ਵੀ ਘਾਤਕ ਸਾਬਤ ਹੋਈ ਹੈ। ਜਿਸ ਕਾਰਨ 54,000 ਲੋਕਾਂ ਦੀ ਮੌਤ ਹੈਲਮੇਟ ਨਾ ਪਹਿਨਣ ਕਾਰਨ ਹੋਈ ਅਤੇ 16,000 ਲੋਕ ਸੀਟਬੈਲਟ ਨਾ ਪਹਿਨਣ ਕਾਰਨ ਮਾਰੇ ਗਏ।

ਹੋਰ ਮੁੱਖ ਕਾਰਨਾਂ ਵਿੱਚ ਓਵਰਲੋਡਿੰਗ ਸ਼ਾਮਲ ਸੀ, ਜਿਸ ਕਾਰਨ 12,000 ਮੌਤਾਂ ਹੋਈਆਂ। ਉਸੇ ਸਾਲ, ਵੈਧ ਲਾਇਸੈਂਸ ਤੋਂ ਬਿਨਾਂ ਗੱਡੀ ਚਲਾਉਣ ਜਿਸ ਕਾਰਨ 34,000 ਹਾਦਸੇ ਹੋਏ। ਗਲਤ ਪਾਸੇ ਗੱਡੀ ਚਲਾਉਣ ਕਾਰਨ ਵੀ ਸੜਕ ਹੱਸਦੇ ਹੋਏ ਅਤੇ ਜਾਨਾਂ ਗਈਆਂ।

ਸਾਲ 2021 ਵਿੱਚ, 13 ਫੀਸਦੀ ਹਾਦਸੇ ਅਜਿਹੇ ਸਨ ਜਿਨ੍ਹਾਂ ਵਿੱਚ ਡਰਾਈਵਰ ਕੋਲ ਲਰਨਿੰਗ ਲਾਇਸੈਂਸ ਸੀ ਜਾਂ ਉਸ ਦਾ ਉਸਦਾ ਲਾਇਸੈਂਸ ਵੈਧ ਹੀ ਨਹੀਂ ਸੀ। ਅਜੇ ਵੀ ਸੜਕਾਂ 'ਤੇ ਚੱਲਣ ਵਾਲੇ ਬਹੁਤ ਸਾਰੇ ਵਾਹਨ ਇੰਨੇ ਪੁਰਾਣੇ ਹਨ ਕਿ ਉਨ੍ਹਾਂ 'ਚ ਸੀਟਬੈਲਟਾਂ ਵਰਗੀਆਂ ਬੁਨਿਆਦੀ ਸੁਰੱਖਿਆ ਵਿਸ਼ੇਸ਼ਤਾਵਾਂ ਦੀ ਘਾਟ ਹੈ - ਏਅਰਬੈਗ ਆਦਿ ਦੀ ਗੱਲ ਤਾਂ ਛੱਡ ਹੀ ਦਿਓ।

### ਭਾਰਤੀ ਸੜਕਾਂ 'ਤੇ ਵਾਹਨਾਂ ਦੀ ਭੀੜ

ਇਹ ਸਾਰੀ ਸਥਿਤੀ, ਭਾਰਤ ਦੀਆਂ ਸੜਕਾਂ 'ਤੇ ਚੱਲਣ ਵਾਲੇ ਅਰਾਜਕ ਟ੍ਰੈਫ਼ਿਕ ਕਾਰਨ ਹੋਰ ਵੀ ਮਾੜੀ ਹੋ ਜਾਂਦੀ ਹੈ।

ਭਾਰਤ ਦੀਆਂ ਸੜਕਾਂ 'ਤੇ ਵਾਹਨਾਂ ਦੀ ਹੈਰਾਨ ਕਾਰਨ ਵਾਲੀ ਭੀੜ ਦਿਖਾਈ ਦਿੰਦੀ ਹੈ। ਇਨ੍ਹਾਂ ਵਿੱਚੋਂ ਹਰ ਕੋਈ ਸੜਕ 'ਤੇ ਆਪਣੀ ਜਗ੍ਹਾ ਬਣਾਉਣ ਲਈ ਸ਼ੰਘਰਸ਼ ਕਰਦਾ ਹੈ।

ਕਾਰਾਂ, ਬੱਸਾਂ ਅਤੇ ਮੋਟਰਸਾਈਕਲਾਂ ਵਰਗੇ ਮੋਟਰਾਈਜ਼ਡ ਵਾਹਨ ਗੈਰ-ਮੋਟਰਾਈਜ਼ਡ ਵਾਹਨਾਂ ਜਿਵੇਂ ਕਿ ਸਾਈਕਲ, ਸਾਈਕਲ ਰਿਕਸ਼ਾ ਅਤੇ ਹੱਥ-ਗੱਡੀਆਂ, ਜਾਨਵਰਾਂ ਦੁਆਰਾ ਖਿੱਚੀਆਂ ਜਾਣ ਵਾਲੀਆਂ ਗੱਡੀਆਂ, ਪੈਦਲ ਚੱਲਣ ਵਾਲੇ ਯਾਤਰੀਆਂ ਅਤੇ ਅਵਾਰਾ ਜਾਨਵਰਾਂ ਨਾਲ ਮੁਕਾਬਲਾ ਕਰਦੇ ਹਨ ਤਾਂ ਜੋ ਸੜਕ 'ਤੇ ਆਪਣੇ ਲਈ ਥਾਂ ਬਣਾ ਕੇ ਲੰਘ ਸਕਣ।

ਹੋਕਾ ਲਾਉਣ ਵਾਲੇ, ਆਪਣਾ ਸਮਾਨ ਵੇਚਣ ਲਈ ਸੜਕਾਂ ਅਤੇ ਫੁੱਟਪਾਥਾਂ 'ਤੇ ਕਬਜ਼ਾ ਕਰ ਲੈਂਦੇ ਹਨ, ਜਿਸ ਕਾਰਨ ਪੈਦਲ ਚੱਲਣ ਵਾਲਿਆਂ ਨੂੰ ਪਹਿਲਾਂ ਤੋਂ ਹੀ ਵਾਹਨਾਂ ਨਾਲ ਭਰੀਆਂ ਸੜਕਾਂ 'ਤੇ ਤੁਰਨ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਨਾਲ ਵਾਹਨਾਂ ਦੀ ਆਵਾਜਾਈ ਵੀ ਔਖੀ ਹੋ ਜਾਂਦੀ ਹੈ ਤੇ ਲੋਕਾਂ ਨੂੰ ਜੋਖਿਮ ਚੁੱਕਣਾ ਪੈਂਦਾ ਹੈ।

# ਟਰੰਪ ਪ੍ਰਸ਼ਾਸਨ ਮੋਦੀ ਸਰਕਾਰ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤੇ ਅਤੇ ਮੁਫ਼ਤ ਦਿੱਤੇ ਜਾਣ ਵਾਲੇ ਅਨਾਜ਼ ਨੂੰ ਬੰਦ ਕਰਨ ਲਈ ਦਬਾਅ ਬਣਾਉਣ ਦੇ ਵਿਰੋਧ

## ਕਿਸਾਨ ਮਜ਼ਦੂਰ ਮੋਰਚਾ ਭਾਰਤ ਵੱਲੋਂ ਅਮਰੀਕੀ ਉਪ ਰਾਸ਼ਟਰਪਤੀ ਅਤੇ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਕਿਸਾਨ ਮਜ਼ਦੂਰ ਮੋਰਚਾ ਵੱਲੋਂ 23 ਅਤੇ 24 ਅਪ੍ਰੈਲ ਨੂੰ, ਅੱਜ ਭਾਰਤ ਦੌਰੇ ਤੇ ਪਹੁੰਚੇ ਜੇ ਡੀ ਵੈਂਸ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਪੁਤਲੇ ਸਾੜੇ ਜਾਣਗੇ, ਇਸ ਗੱਲ ਦੀ ਜਾਣਕਾਰੀ ਸੀਨੀਅਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਦਿੱਤੀ ਗਈ। ਉਹਨਾਂ ਕਿਹਾ ਕਿ ਅਮਰੀਕਾ ਦਾ ਰਵਈਆ ਲਗਾਤਾਰ ਦੂਜੇ ਦੇਸ਼ਾਂ ਵਿੱਚ ਆਪਣੀ ਧੌਂਸ ਦਿਖਾ ਕੇ ਸਾਮਰਾਜ ਪੱਖੀ ਨੀਤੀਆਂ ਲਾਗੂ ਕਰਵਾਉਣਾ ਰਿਹਾ ਹੈ ਪਰ ਜਿਸ ਸਮੇਂ ਤੋਂ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਜਿੱਤੀ ਹੈ ਓਸ ਮੌਕੇ ਤੋਂ ਅਮਰੀਕਾ ਵੱਲੋਂ ਇਹ ਕੋਸ਼ਿਸ਼ ਪੂਰੇ ਜ਼ੋਰ ਨਾਲ ਅੱਗੇ ਵਧਾਈਆ ਜਾ ਰਹੀਆਂ ਹਨ ਅਤੇ ਕਦੀ ਟੈਰਿਫ ਵਾਰ ਜਾਂ ਗੈਰ ਇਖਲਾਕੀ ਸਮਝੌਤੇ ਕਰਨ ਲਈ ਵੱਖ ਵੱਖ ਦੇਸ਼ਾਂ ਤੇ ਦਬਾਅ ਪਾਇਆ ਜਾ ਰਿਹਾ ਹੈ।

ਓਹਨਾ ਕਿਹਾ ਕਿ ਇਹਨਾਂ ਕੋਸ਼ਿਸ਼ਾਂ ਤਹਿਤ ਹੀ ਦੇਸੀ ਦੇ ਨਾਲ ਨਾਲ ਵਿਦੇਸ਼ੀ ਕਾਰਪੋਰੇਟ



ਵੱਲੋਂ ਭਾਰਤ ਨੂੰ ਮੰਡੀ ਤੌਰ ਤੇ ਦੇਖਿਆ ਜਾ ਰਿਹਾ ਹੈ ਅਤੇ ਕੀਤੇ ਜਾਣ ਵਾਲੇ ਸਮਝੌਤਿਆਂ ਰਾਹੀਂ ਗੈਰ ਬਰਾਬਰੀ ਵਾਲੇ ਵਪਾਰਕ ਸਮਝੌਤੇ ਲਾਗੂ ਕਰਕੇ ਭਾਰਤ ਵਿੱਚ ਅਮਰੀਕੀ ਖੇਤੀ ਉਤਪਾਦ ਵੇਚਣ ਲਈ ਨੀਤੀ ਤਿਆਰ ਕੀਤੀ ਜਾ ਰਹੀ ਹੈ ਜਿਸ ਨਾਲ ਭਾਰਤੀ ਕਿਸਾਨ ਮਜ਼ਦੂਰ ਅਤੇ ਛੋਟਾ ਵਪਾਰੀ ਦੀ ਰੋਜ਼ੀ ਰੋਟੀ ਕਮਾਉਣ ਦੇ ਸਾਧਨ ਖਤਮ ਹੋ ਜਾਣਗੇ । ਉਹਨਾਂ ਕਿਹਾ ਕਿ ਅਮਰੀਕਾ ਆਪਣੇ ਦੁੱਧ ਉਤਪਾਦਕਾ ਨੂੰ 80 ਬਿਲੀਅਨ ਡਾਲਰ ਦੀ ਰਾਸ਼ੀ ਸਬਸਿਡੀ ਵਜੋਂ ਦਿੰਦਾ ਹੈ ਇਸੇ ਤਰ੍ਹਾਂ ਕਿਸਾਨ ਨੂੰ ਵੱਡੀ ਸਬਸਿਡੀ ਦਿੱਤੀ ਜਾ ਰਹੀ ਹੈ, ਅਗਰ ਭਾਰਤ ਵਿਚ ਦੁੱਧ ਉਤਪਾਦ, ਮੀਟ ਅਤੇ ਖੇਤੀ ਜਿਣਸਾਂ ਨੂੰ ਬਿਨਾ ਟੈਕਸ ਜਾ ਘੱਟ ਟੈਕਸ ਤੇ ਆਯਾਤ ਕਰਨ ਦੇ ਸਮਝੌਤੇ ਸਿਰੇ ਲਗਦੇ ਹਨ ਤਾਂ ਭਾਰਤੀ ਦੁੱਧ ਉਤਪਾਦਕ ਅਤੇ ਕਿਸਾਨ ਇਸਦਾ ਮੁਕਾਬਲਾ ਨਹੀਂ ਕਰ ਸਕਣਗੇ ਅਤੇ ਖੇਤੀ ਤੋਂ ਬਾਹਰ ਹੋ ਜਾਣਗੇ।

ਟਰੰਪ ਪ੍ਰਸ਼ਾਸਨ ਮੋਦੀ ਸਰਕਾਰ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤੇ ਅਤੇ ਮੁਫ਼ਤ ਦਿੱਤੇ ਜਾਣ ਵਾਲੇ ਅਨਾਜ਼ ਨੂੰ ਬੰਦ ਕਰਨ ਲਈ ਦਬਾਅ ਬਣਾ ਰਿਹਾ । ਉਹਨਾਂ ਕਿਹਾ ਕਿ ਅਮਰੀਕੀ ਨੀਤੀ ਭਾਰਤ ਵੱਲੋਂ ਕਿਸਾਨਾਂ ਨੂੰ ਦਿੱਤੀ ਜਾ ਰਹਿ ਨਿਗੂਣੀ ਸਬਸਿਡੀ ਵੀ ਬੰਦ ਕਰਨ ਲਈ ਲੰਬੇ ਸਮੇਂ ਤੋਂ ਕੋਸ਼ਿਸ਼ ਕਰ ਰਿਹਾ ਸੀ ਪਰ ਹੁਣ ਮੋਦੀ ਸਰਕਾਰ ਇਸ ਦਬਾਅ ਅੱਗੇ ਝੁਕ ਕੇ ਦੇਸ਼ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਜਾ ਰਹੀ ਹੈ। ਉਹਨਾਂ ਦੇਸ਼ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ, ਟਰੇਡ ਜਥੇਬੰਦੀਆਂ ,ਮਜ਼ਦੂਰ ਜਥੇਬੰਦੀਆਂ ਸਮੇਤ ਛੋਟੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਇਹ ਸਮਝੌਤੇ ਸਾਰਿਆ ਲਈ ਘਾਤਕ ਸਿੱਧ ਹੋਣਗੇ ਸੋ ਸਾਰੀਆਂ ਦੇਸ਼ ਪੱਖੀ ਤਾਕਤਾਂ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਭਾਵੇਂ ਕਿ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਅਮਰੀਕੀ ਉਪ ਰਾਸ਼ਟਰਪਤੀ ਵੈਂਸ ਦੀ ਇਸ ਫੇਰੀ ਨੂੰ ਨਿੱਜੀ ਦਸਿਆ ਜਾ ਰਿਹਾ ਹੈ ਪਰ ਭਾਰਤੀ ਪ੍ਰਧਾਨ ਮੰਤਰੀ ਉਹਨਾਂ ਨਾਲ ਰਸਮੀ ਗੱਲਬਾਤ ਕਰਨ ਜਾ ਰਹੇ ਹਨ, ਇਸ ਲਈ ਸਾਫ ਹੈ ਅਕਤੂਬਰ ਨਵੰਬਰ ਵਿੱਚ ਹੋਣ ਜਾ ਰਹੇ ਕੋਆਡ ਸਮਝੌਤੇ ਲਈ ਇਸ ਗੱਲ ਬਾਤ ਰਾਹੀਂ ਦਬਾਅ ਬਣਾ ਕੇ ਰਾਹ ਪੱਧਰਾ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੂਰੇ ਦੇਸ਼ ਅੰਦਰ ਇਸ ਸੱਦੇ ਤਹਿਤ ਪੁਤਲੇ ਫੂਕ ਕੇ ਦੇਸ਼ ਦੇ ਲੋਕਾਂ ਵੱਲੋਂ ਭਰਵਾਂ ਵਿਰੋਧ ਦਰਜ਼ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਭਾਰਤ ਸਰਕਾਰ ਨੂੰ ਅਜਿਹੇ ਸਮਝੌਤਿਆਂ ਵਿੱਚ ਜਾਣ ਤੋਂ ਪਹਿਲਾਂ ਆਪਣੇ ਦੇਸ਼ ਦੇ ਲੋਕਾਂ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

# ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਕੋਮਲ ਮਿੱਤਲ ਨੇ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11, ਅਧੀਨ ਧਾਰਾ 163, ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਦੇ ਨਾਲ-ਨਾਲ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਮੁਕੰਮਲ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ਦੀ ਪੂਰਨ ਮਨਾਹੀ ਹੋਵੇਗੀ ਅਤੇ ਕਿਸੇ



ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਰਹੇਗੀ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਦਿੱਤੇ ਬਿਆਨ ਬਾਰੇ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਦਿੱਤਾ ਜਵਾਬ

## 'ਜਥੇਦਾਰ ਵੱਲੋਂ ਮੇਰਾ ਪੱਖ ਸੁਣਨ ਦੀ ਗੱਲ ਸੁਣ ਕੇ ਹੋਈ ਖੁਸ਼ੀ'

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਜਥੇਦਾਰ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਪੰਜਾਬ ਨੂੰ ਸਭ ਤੋਂ ਪਹਿਲਾਂ ਜਰੂਰਤ ਹੈ ਸਿੱਖੀ ਦੀ ਲਹਿਰ ਚਲਾਉਣ ਦੀ ਲੋੜ, ਦੂਜਾ ਨਸ਼ਿਆਂ ਦੀ ਵਰਤੋਂ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ ਅਤੇ ਤੀਜੀ ਗੱਲ ਹੈ ਧਰਮ ਪਰਿਵਰਤਨ। ਉਨ੍ਹਾਂ ਨੇ ਕਿਹਾ ਹੈ ਕਿ ਮੇਰੇ ਕੋਲ ਸੰਗਤ ਦੇ ਫੋਨ ਆ ਰਹੇ ਹਨ ਧਰਮ ਪ੍ਰਵਰਤਨ ਨੂੰ ਰੋਕਣ ਲਈ ਸਿੱਖੀ ਦੀ ਲਹਿਰ ਚਲਾਓ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਇਕ ਵੱਡੀ ਗੰਭੀਰ ਸਮੱਸਿਆ ਹੈ ਕਿ ਧਰਮ ਪਰਿਵਰਤਨ ਲਗਾਤਾਰ ਹੋ ਰਿਹਾ ਹੈ।

ਉਨ੍ਹਾਂ ਨੇ ਕਿਹਾ ਹੈ ਕਿ ਕਈ ਵਾਰੀ ਲੋਕ ਲਾਲਚ ਵਿੱਚ ਫਸ ਕੇ ਧਰਮ ਬਦਲ ਰਹੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਗੁਰਬਾਣੀ ਨਾਲ ਪਿਆਰ ਪਵਾਉਣ ਲਈ ਸਾਨੂੰ ਸਿੱਖੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਮੇਂ ਦੀ ਲੋੜ ਹੈ ਸਿੱਖੀ ਲਹਿਰ ਚਲਾਉਣ ਲਈ ਪ੍ਰਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਾਡੇ ਵੱਲੋਂ ਅੰਮ੍ਰਿਤ ਛਕਾਉਣ ਲਈ ਸਮਾਗਮ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਕਿਹਾ ਹੈ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਹੱਦੀ ਖੇਤਰ ਵਿੱਚ ਲਹਿਰ ਚਲਾਈ ਜਾ ਰਹੀ ਹੈ ਅਸੀਂ ਇਹੀ ਚਾਹੁੰਦੇ ਹਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਕਈ ਇਲਜ਼ਾਮਾਂ ਦਾ ਸਾਹਮਣਾ ਕੀਤਾ ਹੈ ਅਤੇ ਮੇਰੇ ਬਾਰੇ ਬਹੁਤ ਕੁਝ ਤੋੜਮਰੋੜ ਕੇ ਪੇਸ਼ ਕੀਤਾ ਗਿਆ।

ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਕਿਹਾ ਹੈ ਕਿ ਜਥੇਦਾਰ ਸਾਹਿਬ ਨੇ ਮੈਨੂੰ ਆਪਣਾ ਪੱਖ ਸੁਣ ਲਈ ਦਰਿਆ ਦਿੱਲੀ ਦਿਖਾਈ ਹੈ ਮੈਂ ਉਨ੍ਹਾਂ ਦੇ ਫੈਸਲੇ ਦਾ ਸਮਰਥਨ ਕਰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਜਥੇਦਾਰ ਨਾਲ ਚੱਲਣ ਲਈ ਤਿਆਰ ਹਾਂ ਉਨ੍ਹਾਂ ਨੇ ਕਿਹਾ ਹੈ ਕਿ ਸੈਂਕੜੇ ਜਥੇ ਤਿਆਰ ਕਰਕੇ ਪਿੰਡ-ਪਿੰਡ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਿਦੇਸ਼ ਤੋਂ ਆ ਕੇ ਸਿੰਘ ਸਾਹਿਬਾਨ ਨਾਲ



ਗੱਲਬਾਤ ਕਰਾਂਗਾ। ਉਨ੍ਹਾਂ ਨੇ ਕਿਹਾ ਹੈ ਕਿ ਲੋੜ ਹੈ ਕਿ ਸਾਰੇ ਇਕਜੁਟ ਹੋ ਕੇ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਗਿਆਨੀ ਕੁਲਦੀਪ ਸਿੰਘ ਨੂੰ ਕਹਾਂਗਾ ਪੁਰਾਣੇ ਮੁੱਦਿਆ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਸਿੱਖੀ ਦੇ ਮੁੱਦੇ ਉੱਤੇ ਅਸੀਂ ਨਾਲ ਤੁਰਾਂਗੇ ਪਰ ਅਸੀ ਕਿਸੇ ਪਾਰਟੀ ਦੇ ਸਮਰਥਕ ਨਹੀਂ ਹਾਂ।

# ਬਠਿੰਡਾ ਦੇ ਗੋਨਿਆਣਾ ਬਲਾਕ ਦੀਆਂ ਪੰਚਾਇਤਾਂ ਦਾ ਇਤਿਹਾਸਕ ਫ਼ੈਸਲਾ: ਨਸ਼ਾ ਵੇਚਣ ਵਾਲਿਆਂ ਦਾ ਬਾਈਕਾਟ, ਛੱਡਣ ਵਾਲਿਆਂ ਦਾ ਸਨਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਬਠਿੰਡਾ ਜ਼ਿਲ੍ਹੇ ਦੇ ਗੋਨਿਆਣਾ ਬਲਾਕ ਦੀਆਂ ਪੰਚਾਇਤਾਂ ਨੇ ਮਾਨ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸਮਰਥਨ ਵਿੱਚ ਇੱਕ ਇਤਿਹਾਸਕ ਫ਼ੈਸਲਾ ਲਿਆ ਹੈ। ਸਾਰੇ ਸਰਪੰਚਾਂ ਨੇ ਇੱਕ ਮਤਾ ਪਾਸ ਕੀਤਾ ਹੈ ਕਿ ਪਿੰਡਾਂ ਵਿੱਚ ਨਸ਼ਾ ਵੇਚਣ ਵਾਲਿਆਂ ਦਾ ਬਾਈਕਾਟ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮਾਜਿਕ ਸਹਾਇਤਾ ਨਹੀਂ ਦਿੱਤੀ ਜਾਵੇਗੀ।

ਪ੍ਰਸਤਾਵ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਹੁਣ ਪੰਚਾਇਤਾਂ ਵੀ ਆਪਣੇ ਪੱਧਰ 'ਤੇ ਨਸ਼ਾ ਤਸਕਰਾਂ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰਨਗੀਆਂ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਵਿੱਚ ਮਦਦ ਕਰਨਗੀਆਂ। ਇਸ ਦੇ ਨਾਲ ਹੀ, ਪੰਚਾਇਤਾਂ ਨਸ਼ਾ ਛੱਡਣ ਵਾਲਿਆਂ ਦਾ ਸਨਮਾਨ ਕਰਨਗੀਆਂ ਅਤੇ ਉਨ੍ਹਾਂ ਨੂੰ ਆਮ ਜ਼ਿੰਦਗੀ ਵਿੱਚ ਵਾਪਸ ਆਉਣ ਲਈ ਹਰ ਸੰਭਵ ਮਦਦ ਵੀ ਪ੍ਰਦਾਨ ਕਰਨਗੀਆਂ।

ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਇਸ ਪ੍ਰਸਤਾਵ ਦੀ ਸ਼ਲਾਘਾ ਕੀਤੀ ਅਤੇ ਸਾਰੇ ਸਰਪੰਚਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੋਈ ਵੀ ਅੰਦੋਲਨ ਉਦੋਂ ਹੀ ਸਫਲ ਹੁੰਦਾ ਹੈ ਜਦੋਂ ਉਸਨੂੰ ਆਮ ਲੋਕਾਂ ਦਾ ਸਮਰਥਨ ਮਿਲਦਾ ਹੈ। ਇਸ ਲਈ, ਇਹ ਫ਼ੈਸਲਾ 'ਆਪ' ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਹੁਣ ਪਿੰਡਾਂ ਵਿੱਚ ਕੋਈ ਨਸ਼ਾ ਨਹੀਂ ਹੋਵੇਗਾ, ਬਦਲਾਅ ਆਵੇਗਾ ਅਤੇ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਨਸ਼ਾ ਮੁਕਤ ਹੋਣ ਤੋਂ ਬਾਅਦ ਹੀ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ ਅਤੇ ਸਮਾਜ ਤਰੱਕੀ ਕਰੇਗਾ। ਇਸ ਲਈ, ਇਸ ਮੁਹਿੰਮ ਵਿੱਚ ਪੰਚਾਇਤਾਂ ਅਤੇ ਨੌਜਵਾਨਾਂ ਦਾ ਸਹਿਯੋਗ ਬਹੁਤ ਮਹੱਤਵਪੂਰਨ ਹੈ ਅਤੇ ਸਾਨੂੰ ਖੁਸ਼ੀ ਹੈ ਕਿ ਉਹ ਖੁਦ ਅੱਗੇ ਆ ਰਹੇ ਹਨ ਅਤੇ ਸਰਕਾਰ ਦਾ ਸਮਰਥਨ ਕਰ ਰਹੇ ਹਨ।

ਗਰਗ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਵਿੱਚੋਂ ਨਸ਼ੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸਰਕਾਰ ਮੰਗ ਅਤੇ ਸਪਲਾਈ ਦੋਵਾਂ ਨੂੰ ਨਿਸ਼ਾਨਾ ਬਣਾ ਕੇ 360 ਡਿਗਰੀ ਰਣਨੀਤੀ ਨਾਲ ਕੰਮ ਕਰ ਰਹੀ ਹੈ। ਪਿਛਲੇ ਦੋ ਮਹੀਨਿਆਂ ਵਿੱਚ, ਹਜ਼ਾਰਾਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਹਜ਼ਾਰਾਂ ਲੋਕਾਂ ਵਿਰੁੱਧ ਐਨਡੀਪੀਐਸ ਐਕਟ ਤਹਿਤ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਹਜ਼ਾਰਾਂ ਕਿੱਲੋਗ੍ਰਾਮ



ਨਸ਼ੀਲੇ ਪਦਾਰਥ, ਜਿਸ ਵਿੱਚ ਹੈਰੋਇਨ, ਅਫ਼ੀਮ, ਭੰਗ ਅਤੇ ਭੁੱਕੀ ਸ਼ਾਮਲ ਹਨ, ਜ਼ਬਤ ਕੀਤੇ ਗਏ ਹਨ।

ਇਸ ਤੋਂ ਇਲਾਵਾ, ਸਾਰੇ ਨਸ਼ਾ ਛੁਡਾਊ ਕੇਂਦਰਾਂ ਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਬਣਾਇਆ ਗਿਆ ਹੈ ਜਿੱਥੇ ਨਸ਼ੇ ਦੀ ਲਤ ਤੋਂ ਪੀੜਤ ਲੋਕਾਂ ਦੇ ਇਲਾਜ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਪੱਧਰ 'ਤੇ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ, ਜਦੋਂ ਆਮ ਲੋਕਾਂ ਦੀ ਭਾਗੀਦਾਰੀ ਇਸ ਤਰ੍ਹਾਂ ਵਧਣ ਲੱਗੇਗੀ ਤਾਂ ਇਸ ਮੁਹਿੰਮ ਨੂੰ ਬੇਮਿਸਾਲ ਸਫਲਤਾ ਮਿਲੇਗੀ ਅਤੇ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਸੂਬਾ ਬਣ ਜਾਵੇਗਾ।

# ਸੁਪਰੀਮ ਕੋਰਟ 'ਚ ਜਗਤਾਰ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਤਬਦੀਲ ਕਰਨ ਦੀ ਮੰਗ 'ਤੇ ਸੁਣਵਾਈ ਟਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ (ਦਿੱਲੀ) ਤੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਸਬੰਧੀ ਪਟੀਸ਼ਨ 'ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਇੱਕ ਵਾਰ ਫਿਰ ਟਲ ਗਈ ਹੈ। ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਬੈਂਚ ਨੇ ਅੱਜ ਸੋਮਵਾਰ ਨੂੰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀ ਬੇਨਤੀ 'ਤੇ ਅਗਲੀ ਸੁਣਵਾਈ ਦੀ ਤਰੀਕ ਤੈਅ ਕੀਤੀ।

4 ਫਰਵਰੀ 2025 ਨੂੰ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਹਵਾਰਾ ਦੀ ਪਟੀਸ਼ਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਸੀ ਕਿ ਉਸ ਨੂੰ ਸਿਰਫ਼ ਚੰਡੀਗੜ੍ਹ ਤਬਦੀਲ ਕੀਤਾ ਜਾ ਸਕਦਾ ਹੈ, ਪੰਜਾਬ ਨਹੀਂ ਕਿਉਂਕਿ ਉਸ ਦੀ ਸੁਣਵਾਈ ਚੰਡੀਗੜ੍ਹ ਵਿੱਚ ਹੋਈ ਸੀ। ਪੰਜਾਬ ਦੇ ਐਡਵੋਕੇਟ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਹਵਾਰਾ ਨੇ ਇਸ ਤੋਂ ਪਹਿਲਾਂ 2018 ਵਿੱਚ ਦਿੱਲੀ ਹਾਈ ਕੋਰਟ ਵਿੱਚ ਵੀ ਅਜਿਹੀ ਹੀ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਸੀ।



ਅਦਾਲਤ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ, ਦਿੱਲੀ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਹੈ।

# ਸੈਂਟਰਲ ਵਾਲਮੀਕਿ ਸਭਾ ਨੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਨੂੰ ਦਿੱਤਾ ਮੰਗ ਪੱਤਰ

## 11 ਅਪ੍ਰੈਲ ਨੂੰ ਪੰਜਾਬ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਭਾਜਪਾ ਆਗੂ ਗੇਜਾ ਰਾਮ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਦਿੱਤਾ ਗਿਆ ਹੈ ਜਿਸ ਵਿੱਚ ਪੰਜਾਬ ਸਰਕਾਰ ਨੇ ਕੁਝ ਦਿਨ ਪਹਿਲਾਂ ਐਸਸੀ ਕਮਿਸ਼ਨ ਦਾ ਗਠਨ ਕੀਤਾ ਹੈ ਜਿਸ ਵਿੱਚ 4 ਮੈਂਬਰ ਸ਼ਾਮਲ



ਹਨ ਅਤੇ ਇਸ ਦਾ ਇੱਕ ਮੈਂਬਰ ਈਸਾਈ ਹੈ ਜਦੋਂ ਕਿ ਈਸਾਈ ਪਹਿਲਾਂ ਹੀ ਦਲਿਤ ਭਾਈਚਾਰੇ ਨੂੰ ਨੁਕਸਾਨ ਪਹੁੰਚਾ ਰਹੇ ਹਨ, ਜਿਸ ਵਿੱਚ ਅਸੀਂ 4 ਐਸਸੀ ਮੈਂਬਰਾਂ ਨੂੰ ਹਟਾਉਣ ਦੀ ਮੰਗ ਕੀਤੀ ਹੈ ਅਤੇ ਇੱਕ ਨਵਾਂ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਹੈ, ਜਿਸ ਵਿੱਚ ਅਸੀਂ ਇਹ ਵੀ ਕਿਹਾ ਹੈ ਕਿ ਦੂਜੇ ਰਾਜਾਂ ਵਾਂਗ ਸਫਾਈ ਕਰਮਚਾਰੀਆਂ ਨੂੰ 18 ਹਜ਼ਾਰ ਤਨਖਾਹ ਮਿਲਣੀ ਚਾਹੀਦੀ ਹੈ ਜਦੋਂ ਕਿ ਹੋਰ ਥਾਵਾਂ 'ਤੇ ਇਹ 18 ਹਜ਼ਾਰ ਹੈ।

ਵਿਨੀਤ ਜੋਸ਼ੀ ਨੇ ਕਿਹਾ ਕਿ 11 ਅਪ੍ਰੈਲ ਨੂੰ ਪੰਜਾਬ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਵਿੱਚ ਕਮਿਸ਼ਨ ਵਿੱਚ ਇੱਕ ਮੈਂਬਰ ਨਿਯੁਕਤ ਕੀਤਾ ਗਿਆ ਹੈ ਜੋ ਇੱਕ ਈਸਾਈ ਹੈ ਅਤੇ ਵਾਲਮੀਕੀ ਭਾਈਚਾਰੇ ਤੋਂ ਨਹੀਂ ਹੈ, ਜਿਸ ਨੋਟੀਫਿਕੇਸ਼ਨ ਵਿੱਚ ਹੀ ਉਸਦਾ ਨਾਮ ਮਸੀਹ ਵਜੋਂ ਦਰਸਾਇਆ ਗਿਆ ਹੈ, ਜੋ ਹੈਰਾਨੀ ਵਾਲੀ ਗੱਲ ਹੈ ਕਿ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ ਅਤੇ ਮੰਤਰੀ ਇਸ 'ਤੇ ਦਸਤਖਤ ਕਿਵੇਂ ਕਰ ਸਕਦੇ ਹਨ ਅਤੇ ਮੁੱਖ ਮੰਤਰੀ ਇਸ ਨੂੰ ਮਨਜ਼ੂਰੀ ਕਿਵੇਂ ਦੇ ਸਕਦੇ ਹਨ।

# ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤੀ 5ਵੀਂ ਮਾਸਿਕ ਔਨਲਾਈਨ NRI ਮਿਲਣੀ

## ਪ੍ਰਵਾਸੀ ਪੰਜਾਬੀ, ਈਮੇਲ ਆਈਡੀ- nriminister20230gmail.com ਜਾਂ ਵਟਸਐਪ ਨੰਬਰ- 9056009884 'ਤੇ ਭੇਜ ਸਕਦੇ ਹਨ ਆਪਣੀਆਂ ਸ਼ਿਕਾਇਤਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਐਨ.ਆਰ.ਆਈ ਮਾਮਲਿਆਂ ਬਾਰੇ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਅੱਜ ਪੰਜਾਬ ਸਿਵਲ ਸਕੱਤਰੇਤ-1 ਵਿਖੇ ਪੰਜਵੀਂ




ਔਨਲਾਈਨ ਐਨ.ਆਰ.ਆਈ ਮਿਲਣੀ ਕਰਵਾਈ ਅਤੇ ਔਨਲਾਈਨ ਵੀਡੀਓ-ਕਾਨਫਰੰਸਿੰਗ ਰਾਹੀਂ ਐਨ.ਆਰ.ਆਈ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਨਿੱਜੀ ਤੌਰ 'ਤੇ ਸੁਣਿਆ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਅਸੀਂ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਇਹ ਵਿਲੱਖਣ ਪਹਿਲਕਦਮੀ ਸ਼ੁਰੂ ਕੀਤੀ ਹੈ। ਪੰਜਾਬ ਦੇਸ਼ ਦਾ ਇੱਕੋ ਇੱਕ ਸੂਬਾ ਹੈ, ਜਿਸਨੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਇਸ ਤਰ੍ਹਾਂ ਦਾ ਐਨਆਰਆਈ ਮਿਲਣੀ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਪਿਛਲੀਆਂ ਚਾਰ ਔਨਲਾਈਨ ਐਨਆਰਆਈ ਮਿਲਣੀਆਂ ਵਿੱਚ ਕੁੱਲ 542 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਚੋਂ 488 ਸ਼ਿਕਾਇਤਾਂ ਦਾ ਸਫ਼ਲਤਾਪੂਰਵਕ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ 5ਵੀਂ ਮਾਸਿਕ ਔਨਲਾਈਨ ਐਨਆਰਆਈ ਮਿਲਣੀ ਵਿੱਚ 82 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਚੋਂ 63 ਸ਼ਿਕਾਇਤਾਂ ਈਮੇਲ ਰਾਹੀਂ ਅਤੇ ਬਾਕੀ 19 ਸ਼ਿਕਾਇਤਾਂ ਵਟਸਐਪ ਨੰਬਰ 'ਤੇ ਪ੍ਰਾਪਤ ਹੋਈਆਂ ਸਨ।

ਉਨ੍ਹਾਂ ਨੇ ਐਨਆਰਆਈ ਪੰਜਾਬੀਆਂ ਨੂੰ ਆਪਣੀਆਂ ਸ਼ਿਕਾਇਤਾਂ ਇਸ ਈਮੇਲ ਆਈਡੀ- nriminister20230gmail.com ਅਤੇ ਵਟਸਐਪ ਨੰਬਰ-9056009884 'ਤੇ ਭੇਜਣ ਦੀ ਅਪੀਲ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਵਾਸੀਆਂ ਦੀਆਂ ਸ਼ਿਕਾਇਤਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ।

ਧਾਲੀਵਾਲ ਨੇ ਐਨਆਰਆਈ ਪੰਜਾਬੀਆਂ ਨੂੰ ਭਰੋਸਾ ਦਿੱਤਾ, "ਮੈਂ ਤੁਹਾਡੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਹਮੇਸ਼ਾ ਤੁਹਾਡੇ ਕੋਲ ਹਾਂ ਅਤੇ ਅਸੀਂ ਤੁਹਾਡੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਕੋਈ ਕਸਰ ਨਹੀਂ ਛੱਡਾਂਗੇ।" ਉਨ੍ਹਾਂ ਪ੍ਰਵਾਸੀਆਂ ਨੂੰ ਕਿਹਾ ਕਿ ਉਹ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਉਨ੍ਹਾਂ ਨੂੰ ਮਿਲ ਸਕਦੇ ਹਨ।

5ਵੀਂ ਮਾਸਿਕ ਔਨਲਾਈਨ ਐਨਆਰਆਈ ਮਿਲਣੀ ਵਿੱਚ ਵਧੀਕ ਮੁੱਖ ਸਕੱਤਰ ਦਿਲੀਪ ਕੁਮਾਰ, ਪੰਜਾਬ ਪੁਲਿਸ ਦੇ ਏਆਈਜੀ ਅਜਿੰਦਰ ਸਿੰਘ ਪੰਜਾਬ ਪੁਲਿਸ ,ਐਨਆਰਆਈ ਵਿੰਗ ਅਤੇ ਐਨਆਰਆਈ ਮਾਮਲੇ ਵਿਭਾਗ ਦੇ ਹੋਰ ਅਧਿਕਾਰੀ ਸ਼ਾਮਲ ਹੋਏ।

# AAP' ਸਰਕਾਰ ਇਮਾਨਦਾਰ, ਪਿਛਲੀਆਂ ਸਰਕਾਰਾਂ ਕਰ ਚੋਰੀ ਕਰਨ ਵਾਲਿਆਂ ਨਾਲ ਸਨ ਘਿਓ-ਖਿਚੜੀ: ਹਰਪਾਲ ਸਿੰਘ ਚੀਮਾ

- ਕਾਂਗਰਸ ਦੀ ਪੰਜ ਸਾਲ ਦੀ ਸਰਕਾਰ ਦੇ ਮੁਕਾਬਲੇ ਸਿਰਫ਼ ਤਿੰਨ ਸਾਲਾਂ ਵਿੱਚ ਜੀ.ਐਸ.ਟੀ ਵਸੂਲੀ ਵਿੱਚ ਤਿੰਨ ਗੁਣਾ ਵਾਧਾ
- ਟੈਕਸ ਇੰਟੈਲੀਜੈਂਸ ਯੂਨਿਟ ਦੀ ਕੀਤੀ ਸਥਾਪਨਾ, ਕਰ ਚੋਰੀ ਕਰਨ ਵਾਲਿਆਂ ਨੂੰ ਕਾਨੂੰਨ ਅਨੁਸਾਰ ਸਖਤਾਈ ਦਾ ਕਰਨਾ ਪਵੇਗਾ ਸਾਹਮਣਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਕਰ ਚੋਰੀ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇਗੀ ਅਤੇ ਕਰ ਚੋਰੀ ਕਰਨ ਵਾਲਿਆਂ ਨੂੰ ਕਾਨੂੰਨ ਅਨੁਸਾਰ ਨਤੀਜੇ ਭੁਗਤਣੇ ਪੈਣਗੇ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਬੰਧੀ ਹੁਸ਼ਿਆਰਪੁਰ ਦੇ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਮਾਨਦਾਰ ਸਰਕਾਰ ਹੈ ਜਦਕਿ ਪਿਛਲੀਆਂ ਸਰਕਾਰਾਂ ਦੌਰਾਨ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀਆਂ ਦੀ ਕਰ ਚੋਰੀ ਕਰਨ ਵਾਲਿਆਂ ਨਾਲ ਮਿਲੀਭੁਗਤ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸੇ ਵੀ ਵਿਅਕਤੀ ਨੂੰ ਕਰ ਚੋਰੀ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਲੋੜੀਂਦੀ ਕਾਰਵਾਈ ਹੋਵੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੀ.ਐਸ.ਟੀ. ਕੁਲੈਕਸ਼ਨ ਵਿੱਚ ਹੋਏ ਮਹੱਤਵਪੂਰਨ ਵਾਧੇ ਬਾਰੇ ਵੇਰਵੇ ਦਿੰਦਿਆਂ ਦੱਸਿਆ ਕਿ 'AAP' ਸਰਕਾਰ ਨੇ ਸਾਲ 2022-25 ਤੱਕ ਤਿੰਨ ਸਾਲਾਂ ਵਿੱਚ ਜੀ.ਐਸ.ਟੀ ਤੋਂ 64253 ਕਰੋੜ ਰੁਪਏ ਪ੍ਰਾਪਤ ਕੀਤੇ ਜਦਕਿ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੂੰ 2017-22 ਦੌਰਾਨ ਸਿਰਫ਼ 21286 ਕਰੋੜ ਪ੍ਰਾਪਤ ਹੋਏ ਸਨ, ਜੋ ਦੋਵਾਂ ਸਰਕਾਰਾਂ ਦੀ ਪਾਰਦਰਸ਼ਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਕਰ ਚੋਰੀ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖਣ ਦੇ ਨਾਲ-ਨਾਲ ਕਾਨੂੰਨ ਅਨੁਸਾਰ ਸਮੇਂ ਸਿਰ ਕਾਰਵਾਈ ਕਰਨ ਲਈ ਟੈਕਸ ਇੰਟੈਲੀਜੈਂਸ ਯੂਨਿਟ ਦੀ ਸਥਾਪਨਾ ਕੀਤੀ ਗਈ ਹੈ।

ਸਟੈਂਪ ਅਤੇ ਰਜਿਸਟ੍ਰੇਸ਼ਨ ਮਾਲੀਆ ਪ੍ਰਾਪਤੀਆਂ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ 12469 ਕਰੋੜ ਰੁਪਏ ਪ੍ਰਾਪਤ ਹੋਏ ਜਦੋਂਕਿ 'ਆਪ' ਸਰਕਾਰ ਨੇ ਸਿਰਫ ਤਿੰਨ ਸਾਲਾਂ ਵਿੱਚ 14786 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰ ਚੋਰਾਂ ਵਿਰੁੱਧ ਸ਼ਿਕੰਜਾ ਕੱਸਣ ਤੇ ਉਨ੍ਹਾਂ ਦੇ ਸਿਆਸੀ ਵਿਰੋਧੀ ਇਸ ਲਈ ਰੌਲਾ ਪਾ



ਰਹੇ ਹਨ ਕਿਉਂਕਿ ਉਹ ਉਨ੍ਹਾਂ ਨਾਲ ਰਲੇ ਹੋਏ ਹਨ। ਉਨ੍ਹਾਂ ਕਿਹਾ ਕਿ ਕਰ ਮਾਲੀਆ ਪ੍ਰਾਪਤੀਆਂ ਵਿੱਚ ਦਿਨੋਂ-ਦਿਨ ਵਾਧਾ 'ਆਪ' ਸਰਕਾਰ ਵੱਲੋਂ ਅਪਣਾਈ ਗਈ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਣਾਲੀ ਸਦਕਾ ਹੈ ਜਿਸ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਰ ਚੋਰੀ ਨੂੰ ਸਖਤੀ ਨਾਲ ਕਾਬੂ ਕਰਨਾ ਹਰ ਸਰਕਾਰ ਦਾ ਫਰਜ਼ ਹੈ ਅਤੇ ਕਰ ਵਿਭਾਗ ਇਸ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਾਅ ਕਰੇਗਾ

# ਡਾ. ਬਲਜੀਤ ਕੌਰ ਨੇ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਸਕੀਮਾਂ ਦੇ ਲਾਗੂ ਕਰਨ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼

- ਮੰਤਰੀ ਵੱਲੋਂ ਸਕੀਮਾਂ ਦੀ ਸਮੀਖਿਆ, ਹੱਕਦਾਰ ਲਾਭਪਾਤਰੀਆਂ ਤੱਕ ਸਰਕਾਰੀ ਲਾਭ ਪਹੁੰਚਾਉਣ 'ਤੇ ਦਿੱਤਾ ਜ਼ੋਰ
- ਸੂਬਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਹਾਸ਼ੀਏ 'ਤੇ ਪਏ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿੱਚ ਹੋ ਰਹੀਆਂ ਨੇ ਸਹਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ Punjab Government ਜਿੱਥੇ ਹਰ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ, ਉੱਥੇ ਹੀ ਸੂਬੇ ਦੇ ਬਜ਼ੁਰਗਾਂ, ਵਿਧਵਾ ਅਤੇ ਬੇਸਹਾਰਾ ਮਹਿਲਾਵਾਂ, ਦਿਵਿਆਂਗਜਨਾਂ ਅਤੇ ਬੱਚਿਆਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਿਹਾ ਹੈ। ਇਸੇ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਭਲਾਈ ਦੀਆਂ ਸਕੀਮਾਂ ਨੂੰ ਪੂਰੀ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ।

ਅੱਜ ਪੰਜਾਬ ਸਿਵਲ ਸਕੱਤਰੇਤ ਵਿਖੇ ਆਪਣੇ



ਦਫ਼ਤਰੀ ਕਮਰੇ ਵਿੱਚ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਸਕੀਮਾਂ ਸਿੱਧਾ ਆਮ ਜਨਤਾ ਨਾਲ ਸੰਬੰਧਿਤ ਹਨ, ਇਸ ਲਈ ਯਕੀਨੀ ਬਣਾਇਆ ਜਾਵੇ ਕਿ ਹਰ ਹੱਕਦਾਰ ਲਾਭਪਾਤਰੀ ਤੱਕ ਇਹਨਾਂ ਸਕੀਮਾਂ ਦਾ ਲਾਭ ਬਿਨਾ ਰੁਕਾਵਟ ਪਹੁੰਚੇ।

ਉਨ੍ਹਾਂ ਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਮੁੱਖ ਸਕੀਮਾਂ ਜਿਵੇਂ ਕਿ ਬੁਢਾਪਾ ਪੈਨਸ਼ਨ, ਵਿਧਵਾ ਤੇ ਬੇਸਹਾਰਾ ਮਹਿਲਾਵਾਂ, ਦਿਵਿਆਂਗਜਨਾਂ ਅਤੇ ਬੇਸਹਾਰਾ ਬੱਚਿਆਂ ਲਈ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਆਦਿ 'ਤੇ ਵਿਸਤ੍ਰਿਤ ਚਰਚਾ ਕੀਤੀ। ਮੰਤਰੀ ਨੇ ਸਾਫ਼ ਕੀਤਾ ਕਿ ਇਹ ਸਕੀਮਾਂ ਹਾਸ਼ੀਏ 'ਤੇ ਪਏ ਲੋਕਾਂ ਲਈ ਜੀਵਨ ਚੱਲਣ ਦਾ ਸਾਧਨ ਹਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਲਾਪਰਵਾਹੀ ਵਰਤਣ ਵਾਲੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨਾਲ ਰਿਆਇਤ ਨਹੀਂ ਕੀਤੀ ਜਾਵੇਗੀ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਸਕੀਮਾਂ ਸਿਰਫ ਆਰਥਿਕ ਸਹਾਇਤਾ ਦਾ ਸਾਧਨ ਨਹੀਂ, ਸਗੋਂ ਇਹ ਲੋਕਾਂ ਦੀ ਆਤਮ-ਗਰਿਮਾ ਨਾਲ ਜੁੜੀਆਂ ਹੋਈਆਂ ਹਨ। ਸਰਕਾਰ ਦੀ ਕੋਸ਼ਿਸ਼ ਹੈ ਕਿ ਹਰੇਕ ਲੋੜਵੰਦ ਵਿਅਕਤੀ ਨੂੰ ਸਮਾਜ ਵਿੱਚ ਇੱਕ ਇੱਜ਼ਤਦਾਰ ਜੀਵਨ ਜਿਉਣ ਦਾ ਅਧਿਕਾਰ ਮਿਲੇ। ਉਨ੍ਹਾਂ ਕਿਹਾ ਕਿ ਜਦੋਂ ਲੋੜਵੰਦਾਂ ਤੱਕ ਸਰਕਾਰੀ ਲਾਭ ਪਹੁੰਚਦੇ ਹਨ ਤਾਂ ਨਾ ਕੇਵਲ ਉਹਨਾਂ ਦੇ ਜੀਵਨ ਵਿੱਚ ਸੁਧਾਰ ਆਉਂਦਾ ਹੈ, ਸਗੋਂ ਸਮੂਹ ਸਮਾਜ ਵਿੱਚ ਭਰੋਸੇ ਅਤੇ ਵਿਸ਼ਵਾਸ ਦਾ ਮਾਹੌਲ ਵੀ ਬਣਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ "ਰੰਗਲਾ ਪੰਜਾਬ" ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਸਕੀਮਾਂ ਇਸ ਵਿਜ਼ਨ ਦੀ ਪ੍ਰਾਪਤੀ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ।

ਇਸ ਮੀਟਿੰਗ ਵਿੱਚ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਰਾਜੀ ਪੀ. ਸ਼੍ਰੀਵਾਸਤਵ, ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਵਿਸ਼ੇਸ਼ ਸਕੱਤਰ ਵਿੰਮੀ ਭੁੱਲਰ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ

# ਚਿੱਟੇ ਸਮੇਤ ਫੜੀ ਗਈ ਮਹਿਲਾ ਕਾਂਸਟੇਬਲ ਦਾ ਸਾਥੀ ਪੁਲਿਸ ਨੇ ਕੀਤਾ ਕਾਬੂ ; ਕੱਲ੍ਹ ਨੂੰ ਅਦਾਲਤ 'ਚ ਕੀਤਾ ਜਾਵੇਗਾ ਪੇਸ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਬਠਿੰਡਾ ਵਿਖੇ ਥਾਰ ਵਿੱਚੋਂ ਚਿੱਟੇ ਸਮੇਤ ਫੜੀ ਗਈ ਸਾਬਕਾ ਪੁਲਿਸ ਕਾਂਸਟੇਬਲ ਅਮਨਦੀਪ ਕੌਰ ਦੇ ਸਾਥੀ ਬਲਵਿੰਦਰ ਸਿੰਘ ਉਰਫ਼ ਸੋਨੂੰ ਨੂੰ ਬਠਿੰਡਾ ਪੁਲਿਸ ਨੇ ਕਾਬੂ ਕਰ ਲਿਆ ਹੈ। ਬਠਿੰਡਾ ਪੁਲਿਸ ਕਥਿਤ ਆਰੋਪੀ ਬਲਵਿੰਦਰ ਸਿੰਘ ਦੀ ਭਾਲ 'ਚ ਲਗਾਤਾਰ ਛਾਪੇਮਾਰੀ ਕਰ ਰਹੀ ਸੀ। ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਪੁਲਿਸ ਨੇ ਬਲਵਿੰਦਰ ਨੂੰ ਮੋਹਾਲੀ ਤੋਂ ਕਾਬੂ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਬਲਵਿੰਦਰ ਨੂੰ ਕੱਲ੍ਹ ਮੰਗਲਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਉਦੋਂ ਸਾਹਮਣੇ ਆਇਆ ਸੀ ਜਦੋਂ ਬਠਿੰਡਾ ਦੇ ਰਿੰਗ ਰੋਡ ਤੋਂ 17.71 ਗ੍ਰਾਮ ਚਿੱਟੇ ਨਾਲ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬੀਤੇ ਦਿਨੀਂ ਅਦਾਲਤ ਨੇ ਅਮਨਦੀਪ ਕੌਰ ਨੂੰ 22 ਅਪ੍ਰੈਲ ਤੱਕ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ ਸੀ। ਅਮਨਦੀਪ ਕੌਰ ਦੇ ਡਰੱਗ ਤਸਕਰੀ ਮਾਮਲੇ ਵਿੱਚ ਪੁਲਿਸ



ਨੇ ਉਸ ਦੇ ਸਾਥੀ ਬਲਵਿੰਦਰ ਸਿੰਘ ਨੂੰ ਵੀ ਨਾਮਜ਼ਦ ਕੀਤਾ ਸੀ। ਬਲਵਿੰਦਰ ਸਿੰਘ ਉਰਫ਼ ਸੋਨੂੰ ਮਹਿਲਾ ਕਾਂਸਟੇਬਲ 'ਤੇ ਇਲਜ਼ਾਮ ਲਗਾਉਣ ਵਾਲੀ ਗੁਰਪ੍ਰੀਤ ਕੌਰ ਦਾ ਪਤੀ ਹੈ।

# ਪਿੰਡ ਵਲਟੋਹਾ ਦੇ ਸਰਪੰਚ 'ਤੇ ਗੋਲੀਬਾਰੀ ਮਾਮਲੇ ਵਿੱਚ ਦੋ ਵਿਅਕਤੀ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਤਹਿਤ ਵੱਡੀ ਸਫਲਤਾ ਵਿੱਚ, Punjab Police ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏਜੀਟੀਐਫ) ਨੇ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਵਲਟੋਹਾ ਸੰਧੂਆਂ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਦੋ ਮੁਲਜ਼ਮਾਂ – ਜਿਨ੍ਹਾਂ ਦੀ ਪਛਾਣ ਅਜੈਦੀਪ ਸਿੰਘ ਅਤੇ ਇੱਕ 17 ਸਾਲਾ ਨਾਬਾਲਗ ਵਜੋਂ ਹੋਈ ਹੈ – ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ।

ਜਾਣਕਾਰੀ ਅਨੁਸਾਰ ਤਰਨਤਾਰਨ ਦੇ ਪਿੰਡ ਵਲਟੋਹਾ ਸੰਧੂਆਂ ਵਿੱਚ 11 ਮਾਰਚ, 2025 ਨੂੰ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਬਾਰੀ ਕੀਤੀ ਸੀ ,ਜਿਸ ਵਿੱਚ ਸਰਪੰਚ ਝਰਮਲ ਸਿੰਘ ਅਤੇ ਉਸਦਾ ਦਾ ਡਰਾਈਵਰ ਜ਼ਖਮੀ ਹੋ ਗਏ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਹਮਲੇ ਦੇ ਤਾਰ ਵਿਦੇਸ਼ੀ ਗੈਂਗਸਟਰ ਪ੍ਰਭਜੀਤ ਸਿੰਘ ਉਰਫ਼ ਪ੍ਰਭ ਦਾਸੂਵਾਲ ਵੱਲੋਂ ਕੀਤੀ ਗਈ ਫਿਰੌਤੀ ਦੀ ਕੋਸ਼ਿਸ਼ ਨਾਲ ਜੁੜਦੇ ਹਨ, ਜਿਸ ਨੇ ਪੀੜਤ ਤੋਂ 30 ਲੱਖ ਰੁਪਏ ਦੀ ਮੰਗ ਕੀਤੀ ਸੀ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਏਆਈਜੀ ਗੁਰਮੀਤ ਚੌਹਾਨ ਦੀ ਨਿਗਰਾਨੀ ਹੇਠ ਏਜੀਟੀਐਫ ਦੀਆਂ ਟੀਮਾਂ ਨੇ ਤਰਨਤਾਰਨ ਦੇ ਘੜਿਆਲਾ ਖੇਤਰ ਚੋਂ ਦੋਵੇਂ ਮੁਲਜ਼ਮਾਂ ਨੂੰ ਲੱਭ ਲਿਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।

ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਇਸ ਕੇਸ ਵਿੱਚ ਦੋ ਹੋਰ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੇ ਨਾਲ, ਹੁਣ ਤੱਕ ਕੁੱਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਪਹਿਲਾਂ ਪੁਲਿਸ ਨੇ ਇਸ ਮਾਮਲੇ ਵਿੱਚ ਘੜਿਆਲਾ ਦੇ ਅਨਮੋਲ ਸਿੰਘ ਉਰਫ਼ ਮੋਲਾ ਨੂੰ ਗ੍ਰਿਫ਼ਤਾਰ ਕੀਤਾ ਸੀ।



ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਹਮਲੇ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਵੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਸਬੰਧ ਵਿੱਚ, ਤਰਨਤਾਰਨ ਦੇ ਵਲਟੋਹਾ ਪੁਲਿਸ ਸਟੇਸ਼ਨ ਬੀਐਨਐਸ ਦੀ ਧਾਰਾ 109, 308(4), 111, 324(2), 3(5) ਅਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਐਫਆਈਆਰ ਨੰਬਰ 21 ਮਿਤੀ 11-3-2025 ਅਧੀਨ ਪਹਿਲਾਂ ਹੀ ਕੇਸ ਦਰਜ ਹੈ।

# ਵਿਆਹ 'ਚ ਗੱਡੀ ਪਾਰਕ ਕਰਨ ਨੂੰ ਲੈ ਕੇ ਹੋਇਆ ਝਗੜਾ, ਥਾਰ ਸਵਾਰਾਂ ਨੇ 2 ਬੱਚਿਆਂ ਸਮੇਤ 7 ਲੋਕਾਂ ਨੂੰ ਗੋਲੀ ਮਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਬਿਹਾਰ ਦੇ ਭੋਜਪੁਰ 'ਚ ਦੇਰ ਰਾਤ ਇਕ ਵਿਆਹ ਦੌਰਾਨ ਬਦਮਾਸ਼ਾਂ ਨੇ 2 ਬੱਚਿਆਂ ਸਮੇਤ 7 ਲੋਕਾਂ ਨੂੰ ਗੋਲੀ ਮਾਰ ਦਿੱਤੀ। ਗੋਲੀਬਾਰੀ 'ਚ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪੰਜ ਲੋਕ ਜ਼ਖ਼ਮੀ ਹੋ ਗਏ। ਜ਼ਖਮੀਆਂ 'ਚੋਂ 2 ਦੀ ਹਾਲਤ ਗੰਭੀਰ ਬਣੀ ਹੋਈ ਹੈ।

ਇਨ੍ਹਾਂ ਸਾਰਿਆਂ ਨੂੰ ਇਲਾਜ ਲਈ ਸਦਰ ਹਸਪਤਾਲ ਆਰਾ ਅਤੇ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਗੱਡੀ ਪਾਰਕ ਕਰਨ ਨੂੰ ਲੈ ਕੇ ਹੋਏ ਝਗੜੇ ਵਿੱਚ ਥਾਰ ਸਵਾਰਾਂ ਨੇ ਗੋਲੀ ਚਲਾ ਦਿੱਤੀ। ਇਹ ਘਟਨਾ ਗਧਾਨੀ ਥਾਣਾ ਖੇਤਰ ਦੇ ਲਹਰਪਾ ਪਿੰਡ ਦੀ ਹੈ।

ਘਟਨਾ ਦੀ ਸੂਚਨਾ ਮਿਲਣ 'ਤੇ ਐਸਪੀ ਰਾਜ, ਪੀਰੋ ਦੇ ਐਸਡੀਪੀਓ ਅੱਬੂ



ਸੈਫੀ ਮੁਰਤਜ਼ਾ ਅਤੇ 6 ਥਾਣਿਆਂ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ। ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**2035 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 2037 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 2047 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਨਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਲੋਕਤੰਤਰ ਦੇ ਦੋ ਦੁਸ਼ਮਣ ਤਾਨਾਸ਼ਾਹੀ ਅਤੇ ਇੱਕ ਸੱਭਿਆਚਾਰ ਹੈ ਜੋ ਲੋਕਾਂ ਵਿੱਚ ਵਿਤਕਰਾ ਕਰਦਾ ਹੈ।**

ਇਹ ਮੀਟਿੰਗ 3 ਅਪ੍ਰੈਲ, 1955 ਨੂੰ ਸਿਧਾਰਥ ਕਾਲਜ, ਮੁੰਬਈ ਦੇ ਬੁੱਧ ਭਵਨ ਵਿਖੇ ਬਰਮਾ ਯੂਨੀਅਨ ਦੇ ਸੁਪਰੀਮ ਕੋਰਟ ਦੇ ਜੱਜ ਮਾਨਯੋਗ ਜਸਟਿਸ ਯੂ ਚਾਨ ਹਟੁਨ ਦੇ ਸਨਮਾਨ ਵਿੱਚ ਹੋਈ ਸੀ। ਇਸ ਮੌਕੇ ਬਾਬਾ ਸਾਹਿਬ ਅੰਬੇਡਕਰ ਨੇ ਕਿਹਾ

ਭੈਣੋ ਅਤੇ ਭਰਾਵੋ,



ਲੋਕਤੰਤਰ ਦੇ ਦੋ ਮੁੱਖ ਦੁਸ਼ਮਣ ਹਨ - ਇੱਕ ਤਾਨਾਸ਼ਾਹੀ ਅਤੇ ਦੂਜਾ ਸੱਭਿਆਚਾਰ ਜੋ ਮਨੁੱਖਾਂ ਵਿੱਚ ਵਿਤਕਰਾ ਕਰਦਾ ਹੈ। ਅਮਰੀਕੀ ਆਜ਼ਾਦੀ ਬਾਰੇ, ਬਕਲ ਨੇ ਕਿਹਾ ਹੈ ਕਿ ਤਾਨਾਸ਼ਾਹੀ ਕਾਰਨ ਬਣੀ ਸ਼ਕਤੀ ਜਾਂ ਸਮਾਜਿਕ ਸੰਗਠਨ ਸਥਾਈ ਨਹੀਂ ਹੋ ਸਕਦਾ। ਕਿਉਂਕਿ, ਤਾਨਾਸ਼ਾਹੀ ਦਾ ਸੁਭਾਅ ਖੁਦ ਬੁਨਿਆਦੀ ਤੌਰ 'ਤੇ ਅਟੁੱਟ ਹੈ। ਜੇਕਰ ਉਹ ਪ੍ਰੇਰਣਾ ਹਟਾ ਦਿੱਤੀ ਜਾਵੇ, ਤਾਂ ਸੰਗਠਨ ਵਹਿ-ਢੇਰੀ ਹੋ ਜਾਂਦਾ ਹੈ। ਇਸੇ ਲਈ ਕਮਿਊਨਿਜ਼ਮ ਦੀ ਸ਼ਕਤੀ ਨਿਰਵਿਘਨ ਨਹੀਂ ਹੈ। ਇਸੇ ਤਰ੍ਹਾਂ, ਲੋਕਤੰਤਰ ਦੀ ਪ੍ਰਕਿਰਤੀ ਮਨੁੱਖਾਂ ਵਿਚਕਾਰ ਵਿਤਕਰਾ ਕਰਨ ਵਾਲੀ ਨੀਤੀ ਅਤੇ ਸਮਾਜਿਕ ਅਤੇ ਆਰਥਿਕ ਆਧਾਰ 'ਤੇ ਵਿਤਕਰਾ ਕਰਨ ਵਾਲੀ ਸੱਭਿਆਚਾਰ ਦੇਵਾਂ ਤੋਂ ਖ਼ਤਰੇ ਵਿੱਚ ਹੈ।

ਜੇਕਰ ਅਸੀਂ ਹਿੰਦੂ ਧਰਮ ਦੀ ਗੱਲ ਕਰੀਏ, ਤਾਂ ਇਸਨੂੰ ਮੋਟੇ ਤੌਰ 'ਤੇ ਤਿੰਨ ਮੁੱਖ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਦਲਿਤ ਹੇਠਲੀ ਸ਼੍ਰੇਣੀ ਦੀ ਹੋਵੇਗੀ - ਧਰਮ ਨੇ ਇਸ ਸ਼੍ਰੇਣੀ ਦੇ ਸਮਾਜਿਕ ਅਤੇ ਆਰਥਿਕ ਦਮ ਘੁੱਟਣ ਦਾ ਪ੍ਰਬੰਧ ਕੀਤਾ ਹੈ, ਦੂਜੀ ਸ਼੍ਰੇਣੀ ਗੈਰ-ਬ੍ਰਾਹਮਣਾਂ ਅਤੇ ਹੋਰ ਪਛੜੇ ਵਰਗਾਂ ਦੀ ਸ਼੍ਰੇਣੀ ਹੈ - ਇਹ ਸ਼੍ਰੇਣੀ ਮੁਕਾਬਲਤਨ ਇੱਕ ਸਥਿਰ ਸ਼੍ਰੇਣੀ ਹੈ। ਇਸ ਵਰਗ ਵਿੱਚ ਬਦਲਾਅ ਲਿਆਉਣ ਵਿੱਚ ਸਭ ਤੋਂ ਵੱਡੀ ਰੁਕਾਵਟ ਇਸਦੀ ਅਨਪੜ੍ਹਤਾ ਹੈ। ਸਿੱਖਿਆ ਦੀ ਘਾਟ ਕਾਰਨ, ਇਸ ਵਰਗ ਵਿੱਚ ਨਵੀਆਂ ਭਾਵਨਾਵਾਂ ਜਗਾਉਣ ਵਿੱਚ ਜ਼ਿਆਦਾ ਸਮਾਂ ਲੱਗੇਗਾ। ਤੀਜੀ ਅਤੇ ਆਖਰੀ ਸ਼੍ਰੇਣੀ ਬ੍ਰਾਹਮਣਾਂ ਅਤੇ ਇਸ ਤਰ੍ਹਾਂ ਦੀਆਂ ਜਾਤਾਂ ਦੀ ਹੈ। ਇਸ ਧਰਮ ਵਿੱਚ ਇਸ ਵਰਗ ਲਈ ਵਿਸ਼ੇਸ਼ ਅਧਿਕਾਰਾਂ ਅਤੇ ਸਹੂਲਤਾਂ ਦੀ ਯੋਜਨਾ ਹੈ। ਇਹ ਵਰਗ ਆਪਣੇ ਅਧਿਕਾਰਾਂ ਅਤੇ ਖਪਤ 'ਤੇ ਕਬਜ਼ੇ ਤੋਂ ਬਾਅਦ ਬਦਲਾ ਲਏ ਬਿਨਾਂ ਨਹੀਂ ਰਹਿ ਸਕਦਾ, ਸਮੇਂ ਦੇ ਅਨੁਸਾਰ ਕਿਸੇ ਵੀ ਤਬਦੀਲੀ ਦੀ ਤਾਂ ਗੱਲ ਹੀ ਛੱਡੋ। ਕਿਉਂਕਿ, ਉਹ ਧਰਮ ਦੁਆਰਾ ਦਿੱਤੇ ਗਏ ਉੱਚੇ ਰੁਤਬੇ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਇਸੇ ਲਈ ਉਹ ਇਸ ਕਿਸਮ ਦੇ ਧਰਮ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਉਸਦੀ ਦ੍ਰਿਸ਼ਟੀ ਇੱਕ ਸਥਿਰ ਦ੍ਰਿਸ਼ਟੀਕੋਣ ਨਾਲ ਹੋ ਰਹੀਆਂ ਤਬਦੀਲੀਆਂ ਨੂੰ ਵੇਖਦੀ ਹੈ ਅਤੇ ਉਸਦੀ ਬੌਧਿਕ ਪੇਸ਼ਕਾਰੀ ਵੇਦਾਂ ਤੋਂ ਪਰੇ ਵੇਖਦੀ ਹੈ, ਉਸਦੇ ਵਿਚਾਰ ਬੇਦਾਗ਼ ਨਹੀਂ ਰਹਿ ਸਕਦੇ। ਪਰ ਮੈਂ ਬਹੁਜਨ ਸਮਾਜ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਸੇ ਲਈ, ਮੇਰੀਆਂ ਸਾਰੀਆਂ ਆਲੋਚਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਇਸ ਦੇਸ਼ ਵਿੱਚ ਬੁੱਧ ਧਰਮ ਦੇ ਭਵਿੱਖ ਬਾਰੇ ਆਸ਼ਾਵਾਦੀ ਹਾਂ।

ਬ੍ਰਹਮਾ ਦੇ ਮੂੰਹ ਤੋਂ ਬ੍ਰਾਹਮਣਾਂ, ਬਾਹਾਂ ਤੋਂ ਕਸ਼ੱਤਰੀ, ਪੇਟ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰਾਂ ਦੇ ਜਨਮ ਦੇ ਆਧਾਰ 'ਤੇ ਹਿੰਦੂ ਧਰਮ ਦੀ ਸਿਰਜਣਾ ਮਨੁੱਖਤਾ ਦਾ ਅਪਮਾਨ, ਬੁੱਧੀ-ਭੇਦਭਾਵ ਅਤੇ ਪਰਮਾਤਮਾ ਨਾਲ ਵਿਸ਼ਵਾਸਘਾਤ ਹੈ। ਇਸ ਤਰ੍ਹਾਂ ਦੇ ਧਾਰਮਿਕ ਢਾਂਚੇ ਵਿੱਚ ਮਨੁੱਖਾਂ ਵਿੱਚ ਕਦੇ ਵੀ ਸਮਾਨਤਾ ਨਹੀਂ ਹੋ ਸਕਦੀ। ਕਿਸੇ ਵਿਅਕਤੀ ਦਾ ਵਿਕਾਸ ਕਦੇ ਵੀ ਪੂਰਾ ਨਹੀਂ ਹੋ ਸਕਦਾ। ਇਸੇ ਲਈ, ਚੰਗੀ ਤਰ੍ਹਾਂ ਸੋਚਣ ਤੋਂ ਬਾਅਦ, ਮੈਨੂੰ ਲੱਗਦਾ ਹੈ ਕਿ ਹੇਠਲੇ ਵਰਗ ਨੂੰ ਇਸ ਤਰ੍ਹਾਂ ਦੀ ਸੋਚ ਦੇ ਵਿਰੁੱਧ ਬਗਾਵਤ ਕਰਨੀ ਪਵੇਗੀ, ਨਹੀਂ, ਉਨ੍ਹਾਂ ਨੂੰ ਇਸਨੂੰ ਛੱਡਣਾ ਪਵੇਗਾ। ਇਸਦਾ ਅਰਥ ਹੈ ਕਿ ਉਸਨੂੰ ਇਸ ਤਰ੍ਹਾਂ ਦੀ ਸੋਚ ਵਾਲੇ ਧਰਮ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਬੁੱਧ ਦੇ ਧਰਮ ਨੂੰ ਅਪਣਾਉਣਾ ਚਾਹੀਦਾ ਹੈ ਜੋ ਸਮਾਨਤਾ ਅਤੇ ਮਨੁੱਖੀ ਏਕਤਾ ਸਿਖਾਉਂਦਾ ਹੈ। ਇਸ ਲਈ, ਆਖਰੀ ਵਾਰ, ਮੈਂ ਆਪਣੇ ਸਾਰੇ ਭਰਾਵਾਂ ਨੂੰ ਮੁਕਤੀ ਪ੍ਰਾਪਤ ਕਰਨ ਲਈ ਬੁੱਧ ਧਰਮ ਦੀ ਦੀਖਿਆ ਲੈਣ ਲਈ ਕਹਿ ਰਿਹਾ ਹਾਂ। ਜੇਕਰ ਅਸੀਂ ਪੱਛਮੀ ਇਤਿਹਾਸ 'ਤੇ ਨਜ਼ਰ ਮਾਰੀਏ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਹ ਸਾਰੀਆਂ ਲੜਾਈਆਂ ਜੋ ਰਾਜ ਅਤੇ ਧਰਮ (ਰਾਜ ਅਤੇ ਚਰਚ) ਨੂੰ ਵੱਖਰਾ ਰੱਖ ਕੇ ਲੜੀਆਂ ਗਈਆਂ ਸਨ, ਉਨ੍ਹਾਂ ਦੇ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਗਲਤੀਆਂ ਸਨ। ਇਸ ਤਰ੍ਹਾਂ ਧਰਮ ਨੂੰ ਮਨੁੱਖੀ ਜੀਵਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਗੋਂ, ਧਰਮ ਮਨੁੱਖੀ ਜੀਵਨ ਦਾ ਸਮੁੱਚਾ ਪਹਿਲੂ ਅਤੇ ਨੀਂਹ ਹੈ। ਇਹੀ ਸਾਰੇ ਮਾਮਲਿਆਂ ਦੀ ਅੰਤਰ-ਦ੍ਰਿਸ਼ਟੀ ਹੈ। ਕੋਈ ਵੀ ਸੋਚਵਾਨ ਵਿਅਕਤੀ ਇਸ ਮਾਮਲੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਜੇ ਅਸੀਂ ਗਿਬਨ ਦੁਆਰਾ ਲਿਖੀ ਇਸ ਕਿਤਾਬ, 'ਰੋਮਨ ਸਾਮਰਾਜ ਦਾ ਪਤਨ ਅਤੇ ਪਤਨ' ਦੇ ਕੁਝ ਹਿੱਸੇ ਪੜ੍ਹਦੇ ਹਾਂ, ਤਾਂ ਇੱਕ ਗੱਲ ਬਹੁਤ ਸਪੱਸ਼ਟ ਤੌਰ 'ਤੇ ਯਾਦ ਆਉਂਦੀ ਹੈ ਕਿ ਈਸਾਈ ਧਰਮ ਦੀ ਆਵਾਜ਼ ਸੁਣ ਕੇ, ਉਹ ਗੁਲਾਮ ਜੋ ਕੁਲੀਨ ਵਰਗ ਦੇ ਅੱਤਿਆਚਾਰਾਂ ਤੋਂ ਤੰਗ ਆ ਗਏ ਸਨ ਅਤੇ ਰਾਤ ਦੇ ਖਾਣੇ ਦੀ ਭਾਲ ਵਿੱਚ ਬਿਨਾਂ ਛੱਤ ਦੇ ਗਲੀਆਂ ਵਿੱਚ ਘੁੰਮ ਰਹੇ ਸਨ, ਉਹ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਈਸਾਈ ਧਰਮ ਨੂੰ ਮੁਕਤੀ ਵਜੋਂ ਅਪਣਾਇਆ। ਇਹ ਗੁਲਾਮ ਹੀ ਸਨ ਜਿਨ੍ਹਾਂ ਨੇ ਰੋਮ ਵਿੱਚ ਈਸਾਈ ਧਰਮ ਦੇ ਪਹਿਲੇ ਨਿਸ਼ਾਨ ਬਣਾਏ। ਇਹ ਇੱਕ ਵੱਡਾ ਇਤਿਹਾਸਕ ਤੱਥ ਹੈ, ਇਸ ਲਈ, ਆਲੇ ਦੁਆਲੇ ਦੇ ਵਾਤਾਵਰਣ ਨੂੰ ਦੇਖ ਕੇ, ਆਪਣੇ ਆਪ ਨਾਲ ਹੋਏ ਅਨਿਆਂ ਅਤੇ ਤਸ਼ੱਦਦ ਤੋਂ ਬੁੱਧ ਧਰਮ ਦੇ ਬੀਜ ਬੀਜੇ ਜਾ ਸਕਦੇ ਹਨ।

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਮੈਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਹਿੰਦੂ ਧਰਮ ਵਿਤਕਰੇ 'ਤੇ ਆਧਾਰਿਤ ਹੈ। ਦੂਜਾ ਸਭ ਤੋਂ ਵੱਡਾ ਪੂਰਬੀ ਧਰਮ ਇਸਲਾਮ ਹੈ। ਇਹ ਧਰਮ ਭਾਈਚਾਰੇ ਲਈ ਮਸ਼ਹੂਰ ਹੈ। ਪਰ ਇਹ ਭਾਈਚਾਰਾ ਸਿਰਫ਼ ਉਨ੍ਹਾਂ ਦੇ ਧਰਮ ਤੱਕ ਸੀਮਤ ਹੈ। ਬੁੱਧ ਧਰਮ ਸਾਰੇ ਮਨੁੱਖਾਂ ਨੂੰ ਬਰਾਬਰ ਅਧਿਕਾਰ ਦਿੰਦਾ ਹੈ। ਸਿਰਫ਼ ਇਸ ਧਰਮ ਵਿੱਚ ਹੀ ਮਨੁੱਖੀ ਜੀਵਨ ਦਾ ਸਹੀ ਸਤਿਕਾਰ ਹੈ। ਇਸ ਵਿੱਚ ਇਸ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਹੈ। ਬੁੱਧ ਧਰਮ ਸੱਚੀ ਸਮਾਨਤਾ ਦਾ ਧਰਮ ਹੈ। ਮੈਨੂੰ ਬੁਰਾ ਲੱਗ ਰਿਹਾ ਹੈ ਕਿ ਮੈਂ ਇਸ ਕੰਮ ਨੂੰ ਪੂਰਾ ਕਰਨ ਵਿੱਚ ਦੇਰ ਨਾਲ ਆਇਆ। ਨਹੀਂ ਤਾਂ ਅੱਜ ਮੈਂ ਇਸ ਬੀਜ ਨੂੰ ਬੀਜਣ ਦੇ ਫਲ ਦੇਖ ਲੈਂਦਾ। ਮੈਨੂੰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੇਰੇ ਭਾਈਚਾਰੇ ਦੇ 90 ਪ੍ਰਤੀਸ਼ਤ ਲੋਕ ਮੇਰੇ ਬਿਆਨ ਨਾਲ ਸਹਿਮਤ ਹੋਣਗੇ। ਆਲੋਚਕ ਜੋ ਵੀ ਕਹਿਣ, ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਇਸ ਦੇਸ਼ ਵਿੱਚ ਬੁੱਧ ਧਰਮ ਮੁੜ ਸੁਰਜੀਤ ਹੋਣ ਜਾ ਰਿਹਾ ਹੈ। ਮੈਨੂੰ ਇਸ ਬਾਰੇ ਰੱਤੀ ਭਰ ਵੀ ਸ਼ੱਕ ਨਹੀਂ ਹੈ।

ਕੁਝ ਲੋਕ ਆਲੋਚਨਾ ਕਰਦੇ ਹਨ ਕਿ ਅੱਜ ਦੇ ਯੁੱਗ ਵਿੱਚ ਧਰਮ ਦੀ ਕੀ ਲੋੜ ਹੈ? ਮੈਨੂੰ ਲੱਗਦਾ ਹੈ ਕਿ ਅਜਿਹੇ ਲੋਕ ਭੁੱਲ ਜਾਂਦੇ ਹਨ ਕਿ ਮਨੁੱਖੀ ਸਮਾਜ ਦੇ ਕੰਮਕਾਜ ਲਈ ਧਰਮ ਕਿੰਨਾ ਜ਼ਰੂਰੀ ਹੈ। ਧਰਮ ਨੇ ਮਨੁੱਖੀ ਸਮਾਜ ਨੂੰ ਦੋ ਤੋਹਫ਼ੇ ਦਿੱਤੇ ਹਨ - ਪਹਿਲਾ, ਮਨੁੱਖੀ ਜੀਵਨ ਵਿੱਚ ਏਕਤਾ ਬਣਾਈ ਰੱਖਣ ਲਈ ਮਾਨਸਿਕ ਪ੍ਰੇਰਨਾ ਪੈਦਾ ਕਰਨਾ। ਧਰਮ ਦੇ ਕਾਰਨ ਹੀ ਮਨੁੱਖੀ ਏਕਤਾ ਲਈ ਇੱਕ ਵਿਸ਼ੇਸ਼ ਕਿਸਮ ਦਾ ਵਾਤਾਵਰਣ ਸਿਰਜਿਆ ਜਾਂਦਾ ਹੈ। ਦੂਜਾ, ਸਿਰਫ਼ ਧਰਮ ਹੀ ਮਨੁੱਖੀ ਸਮੂਹਾਂ ਵਿੱਚ ਸਮਾਨਤਾ ਪੈਦਾ ਕਰ ਸਕਦਾ ਹੈ। ਇਨ੍ਹਾਂ ਦੇ ਮਹੱਤਵਪੂਰਨ ਮਾਪਦੰਡਾਂ ਦੇ ਕਾਰਨ, ਜੇਕਰ ਅਸੀਂ ਮੌਜੂਦਾ ਹਾਲਾਤਾਂ ਵਿੱਚ ਸਮਾਨਤਾ ਪੈਦਾ ਕਰਨਾ ਚਾਹੁੰਦੇ ਹਾਂ ਅਤੇ ਲੋਕਤੰਤਰ ਨੂੰ ਸਫਲ ਬਣਾਉਣਾ ਚਾਹੁੰਦੇ ਹਾਂ ਤਾਂ ਧਰਮ ਬਹੁਤ ਮਹੱਤਵਪੂਰਨ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com

# ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਦੀ ਸੰਖੇਪ ਜਾਣਕਾਰੀ - ਸ: ਕਸ਼ਮੀਰ ਸਿੰਘ ਭੁਲੱਥ



ਮਾਣਯੋਗ ਗਿਆਨੀ ਦਿੱਤ ਸਿੰਘ ਜੀ ਸਿੱਖ ਇਤਿਹਾਸ ਦੇ ਮਹਾਨ ਵਿਦਵਾਨ, ਉੱਚ-ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਮਹਾਂਨ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ ਅਤੇ ਮਹਾਨ ਉਪਦੇਸ਼ਕ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖਾਲਸਾ ਅਖ਼ਬਾਰ ਦੇ ਬਾਨੀ ਸੰਪਾਦਕ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਾਹੌਰ ਦੇ ਬਾਨੀ, ਖਾਲਸਾ ਦੀਵਾਨ ਲਾਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੋਢੀ ਸਨ।

ਸਤਿਕਾਰ ਯੋਗ ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਪਿਤਾ ਬਾਬਾ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਹੋਇਆ। ਮਾਤਾ ਪਿਤਾ ਜੀ ਨੇ ਗਿਆਨੀ ਜੀ ਦਾ ਨਾਂਮ ਦਿੱਤਾ ਰਾਮ ਰੱਖਿਆ ਸੀ।

ਨਿਕੀ ਉਮਰੇ ਦਿਤਾ ਰਾਮ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਦੇ ਡੇਰੇ ਤੋਂ ਸ੍ਵੈ ਅਧਿਐਨ ਸਦਕਾ ਵੱਧ ਤੋਂ ਵੱਧ ਗਿਆਨ ਹਾਸਲ ਕੀਤਾ।

ਇਹੀ ਬਾਲਕ ਵੱਡਾ ਹੋ ਕੇ ਗਿਆਨੀ ਦਿੱਤ ਸਿੰਘ ਦੇ ਨਾਮ ਨਾਲ ਪੂਰੀ ਦੁਨੀਆ ਵਿੱਚ ਮਸ਼ਹੂਰ ਹੋਇਆ। ਪਿੰਡ ਵਿੱਚ ਹੁਣ ਗੁਰਦਵਾਰਾ ਤਪੋ ਸਰ ਸਾਹਿਬ ਤੇ ਜਨਮ ਅਸਥਾਨ ਗਿਆਨੀ ਦਿੱਤ ਸਿੰਘ ਕਲੌੜ ਬਣਿਆ ਹੋਇਆ ਹੈ।

ਗਿਆਨੀ ਦਿੱਤ ਸਿੰਘ ਜਿਹਨਾਂ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ 1850-1901 ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ 72 ਪੁਸਤਕਾਂ ਨਾਲ ਭਰ ਕੇ ਉਸ ਦੀ ਗੋਦੀ ਨੂੰ ਹਰਾ-ਭਰਾ ਕਰ ਕੇ ਆਪਣੇ ਖੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ ਅਤੇ ਖਾਲਸਾ ਪੰਥ ਦੀ ਨਿਸ਼ਕਾਮ ਸੇਵਾ ਅੰਤਿਮ ਸੁਆਸਾਂ ਤਕ ਨਿਭਾ ਅਤੇ ਸਮਾਜ ਅਤੇ ਸਿੱਖ ਕੌਮ ਨੂੰ ਸਹੀ ਰਸਤੇ 'ਤੇ ਤੋਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ 'ਪੰਜਾਬੀ ਪੱਤਰਕਾਰੀ ਦਾ ਪਿਤਾਮਾ' ਵੀ ਕਿਹਾ ਜਾਂਦਾ ਹੈ।




1880 ਵਿੱਚ ਗਿਆਨੀ ਜੀ ਦਾ ਵਿਆਹ ਵਿੱਚ ਸਿੱਖ ਪਰੰਪਰਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ।ਪਤਨੀ ਸਮੇਤ ਪਿੰਡ ਚੱਠਾ ਜ਼ਿਲ੍ਹਾ ਲਹੌਰ ਰਹਿੰਦਿਆਂ ਸੰਤ ਦੇਸਾ ਸਿੰਘ ਪਾਸੋਂ ਵਿਦਿਆ ਪਰਾਪਤ ਕੀਤੀ।

ਲਹੌਰ ਦੇ ਪਰੋਫੈਸਰ ਗੁਰਮੁਖ ਸਿੰਘ ਦੀ ਪਰੇਰਨਾ ਨਾਲ ਅੰਮ੍ਰਿਤ ਛਕ ਕੇ ਸਿੰਘ ਸਜੇ ਤੇ ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ।

ਇਹਨਾਂ ਦੇ ਘਰ ਇੱਕ ਪੁੱਤਰ ਬਲਦੇਵ ਸਿੰਘ ਅਤੇ ਇੱਕ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਭਾਵੇਂ ਗਿਆਨੀ ਦਿੱਤ ਸਿੰਘ ਇੱਕ ਵੀ ਦਿਨ ਸਕੂਲ ਨਹੀਂ ਗਏ ਸਨ ਪਰ ਇਹ ਪੂਰੀ ਦੁਨੀਆ ਵਿੱਚ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਬਣੇ।

ਸੁਰੁਆਤੀ ਦੌਰ ਵਿੱਚ ਉਨ੍ਹਾਂ ਆਰੀਆ ਸਮਾਜ ਲਹਿਰ ਨਾਲ ਮਿਲ ਕੇ ਕੰਮ ਕੀਤਾ।25 ਨਵੰਬਰ 1888 ਦੇ ਲਹੌਰ ਆਰੀਆ ਸਮਾਜ ਦੇ 11ਵੇਂ ਇਜਲਾਸ ਦੌਰਾਨ ਹੋਏ ਸਿੱਖਾਂ ਦੇ ਗੁਰੂਆਂ ਦੇ ਨਿਰਾਦਰ ਕਾਰਨ ਵਖਰੇਵਾਂ ਸ਼ੁਰੂ ਹੋਇਆ।ਸਿੰਘ ਸਭਾ ਲਾਹੌਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਮੋਢੀ ਬਣਨ ਦੇ ਨਾਲ-ਨਾਲ ਉਹਨਾਂ ਆਪਣੀ ਵਿਦਵਤਾ ਦੇ ਬਲਬੂਤੇ ਆਰੀਆ ਸਮਾਜ ਦੇ ਮੁਖੀ ਸਵਾਮੀ ਦਯਾਨੰਦ ਨੂੰ ਲਗਾਤਾਰ ਤਿੰਨ ਧਾਰਮਿਕ ਬਹਿਸਾਂ ਵਿੱਚ ਹਰਾਇਆ ਸੀ।

ਸਿੱਖੀ ਦੀ ਡਿੱਗ ਰਹੀ ਸਾਖ਼ ਨੂੰ ਮੁੜ ਉੱਚਾ ਚੁੱਕਣ ਦਾ ਯਤਨ ਕਰਨ ਦੇ ਨਾਲ ਹੀ ਗਿਆਨੀ ਦਿੱਤ ਸਿੰਘ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਰਤੋੜ ਯਤਨ ਕੀਤੇ।

ਇਹਨਾਂ ਨੇ ਆਪਣੇ ਹਫ਼ਤਾਵਾਰੀ ਖ਼ਾਲਸਾ ਅਖ਼ਬਾਰ ਲਾਹੌਰ, ਲਿਖਤਾਂ ਅਤੇ ਭਾਸ਼ਣਾਂ ਰਾਹੀਂ ਵਹਿਮਾਂ-ਭਰਮਾਂ,ਫੋਕੇ ਕਰਮਕਾਂਡਾਂ, ਟੂਣੇ-ਟਾਮਣਾਂ, ਮੜ੍ਹੀ-ਮਸਾਣਾਂ, ਨਸ਼ੀਮਾਰਾਂ, ਕੁੜੀਮਾਰਾਂ, ਝਾੜ-ਫੂਕ, ਪਖੰਡ ਅਤੇ ਅੰਧ-ਵਿਸ਼ਵਾਸਾਂ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਭਰੋਸਾ ਰੱਖਣ ਲਈ ਪ੍ਰੇਰਿਤ ਕੀਤਾ।

**ਸਮਾਜਿਕ ਸੁਧਾਰਕ**

ਇਹਨਾਂ ਨੇ ਸਮਾਜ ਸੁਧਾਰ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਸੀ। ਇਹ ਆਪਣੀ ਗੱਲ ਨੂੰ ਕਹਿਣ ਦੀ ਦਲੇਰੀ ਰੱਖਦੇ ਸਨ ਅਤੇ ਤਰਕ ਤੇ ਦਲੀਲਾਂ ਸਹਿਤ ਆਪਣੀ ਹਰ ਗੱਲ ਦੀ ਪੁਸ਼ਟੀ ਕਰਦੇ ਸਨ। ਗਿਆਨੀ ਦਿੱਤ ਸਿੰਘ ਨੇ ਆਪਣੀ ਸਾਰੀ ਉਮਰ ਸਮਾਜ-ਸੁਧਾਰ ਅਤੇ ਸਿੱਖੀ ਦੇ ਲੇਖੇ ਲਾ ਦਿੱਤੀ ਸੀ। ਇਹਨਾਂ ਨੇ ਆਪਣੀ ਕਲਮ ਰਾਹੀਂ ਸਮਾਜਿਕ ਕੁਰੀਤੀਆਂ ਦਾ ਡੱਟ ਕੇ ਵਿਰੋਧ ਕੀਤਾ ਅਤੇ ਸਮਾਜ ਨੂੰ ਇਨ੍ਹਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜ਼ੋਰਦਾਰ ਪ੍ਰਚਾਰ ਕੀਤਾ। 6 ਸਤੰਬਰ 1901 ਨੂੰ ਉਹਨਾਂ ਦੀ ਮੌਤ ਤੋਂ ਬਾਅਦ ਕਿਸੇ ਨੇ ਉਹਨਾਂ ਦੇ ਮਿੱਥੇ ਟੀਚੇ ਨੂੰ ਅੱਗੇ ਨਹੀਂ ਤੋਰਿਆ।

ਗਿਆਨੀ ਦਿੱਤ ਸਿੰਘ ਦੀ ਮੌਤ ਤੋਂ ਬਾਅਦ ਭਾਈ ਵੀਰ ਸਿੰਘ ਨੇ ਉਹਨਾਂ ਦੇ ਸਨਮਾਨ ਵਿੱਚ ਇੱਕ ਕਵਿਤਾ ਲਿਖੀ ਜੋ ਖਾਲਸਾ ਸਮਾਚਾਰ ਵਿੱਚ ਛਪੀ। ਗਿਆਨੀ ਦਿੱਤ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਸੰਮਤੀ ਉਹਨਾਂ ਦੀ ਯਾਦ ਵਿੱਚ ਹਰ ਸਾਲ ਸਮਾਗਮ ਕਰਵਾਉਂਦੀ ਹੈ।

6ਸਤੰਬਰ 1901 ਨੂੰ ਸਿੱਖ ਇਤਿਹਾਸ ਦਾ ਇਕ ਮਹਾਂਨ ਕ੍ਰਾਂਤੀਕਾਰੀ ਯੋਧਾ ਉਚ ਕੋਟੀ ਦਾ ਵਿਦਵਾਨ ਦੱਬਿਆ ਕੁਚਲਿਆਂ ਦੀ ਬੁਲੰਦ ਆਵਾਜ਼ ਇਕ ਵਿਦਵਾਨ ਮਹਾਨ ਇਨਕਲਾਬੀ ਇਤਿਹਾਸਕਾਰ ਇਸ ਰੰਗਲੇ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

# ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ, ਸੰਪਾਦਕ, ਸਵੈ-ਜੀਵਨੀਕਾਰ, ਕਵੀ ਅਤੇ ਸੁਘੜ ਰਾਜਨੀਤੀਵਾਨ

- ਡਾ. ਗੁਰਮੀਤ ਕੱਲਰਮਾਜਰੀ
94178-65377



ਬਾਬੂ ਮੰਗੂ ਰਾਮ ਮੁਗੋਵਾਲੀਆ ਇੱਕ ਐਸੀ ਵਿਲੱਖਣ ਸ਼ਖ਼ਸੀਅਤ ਸਨ ਜਿਹੜੇ ਨਾ ਕੇਵਲ ਰਾਜਨੀਤਕ ਨੇਤਾ ਵਜੋਂ ਪੰਜਾਬ ਦੀ ਰਾਜਨੀਤੀ ਵਿੱਚ ਉੱਭਰੇ, ਸਗੋਂ ਉਹ ਇੱਕ ਕੁਸ਼ਲ ਸੰਪਾਦਕ ਅਤੇ ਸਾਹਿਤਕਾਰ ਵੀ ਸਨ। ਅਮਰੀਕਾ 'ਚ ''ਗ਼ਦਰ ਲਹਿਰ'' 'ਚ ਕੰਮ ਕਰਦਿਆਂ ਜਿਥੇ ਮਨੁੱਖੀ ਅਜ਼ਾਦੀ ਦੇ ਅਰਥ ਅਤੇ ਸੰਭਾਵਨਾਵਾਂ ਤੋਂ ਭਲੀਭਾਂਤ ਵਾਕਿਫ਼ ਸਨ, ਉੱਥੇ ਉਹ ਪ੍ਰੈੱਸ ਦੀ ਅਜ਼ਾਦੀ ਬਾਰੇ ਵੀ ਜਾਗਰੁਕ ਸਨ। ਇਸ ਕਾਰਨ ਆਦਿ-ਧਰਮ ਮੰਡਲ ਲਹਿਰ ਦੀ ਪਹਿਲੀ ਹੀ ਕਾਨਫਰੰਸ ਵਿੱਚ ਬਾਬੂ ਮੰਗੂ ਰਾਮ ਜੀ ਨੇ 1926 ਈਸਵੀ ਵਿੱਚ ਆਦਿ-ਧਰਮ ਦੇ ਇਸ਼ਤਿਹਾਰ ਵਿੱਚ ਆਪਣੀ ਇੱਕ ਕਵਿਤਾ,

## ''ਆਦਿ ਧਰਮੀਓ ! ਸੁਣੋ ਖਿਆਲ ਕਰਕੇ''

ਕੌਮ ਦੇ ਨਾਂ ਸੰਦੇਸ਼ ਵਿੱਚ ਕਵੀ ਹੋਣ ਦਾ ਪ੍ਰਮਾਣ ਹੀ ਨਹੀਂ ਦਿੱਤਾ, ਸਗੋਂ ਆਪਣੇ ਸਮਾਜ ਦੀ ਮੰਦੀ ਸਮਾਜਿਕ ਸਥਿਤੀ ਦਾ ਵੀ ਵਰਨਣ ਕੀਤਾ। 1927-28 'ਚ ਪੰਜਾਬੀ ਵਿੱਚ ''ਆਦਿ ਡੰਕਾ'' ਸਪਤਾਹਿਕ ਅਖ਼ਬਾਰ ਸ਼ੁਰੂ ਕੀਤਾ ਫਿਰ 1930 ਈਸਵੀ 'ਚ ਉਰਦੂ ਵਿੱਚ ਵੀ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਹ ਅਖ਼ਬਾਰ 1951 ਤੱਕ ਚਲਦੀ ਰਹੀ। ਹਰ ਮੰਗਲਵਾਰ ਇਹ ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਇਕੱਠੇ ਹੀ ਪੋਸਟ ਕੀਤੇ ਜਾਂਦੇ ਸਨ। ਬਾਅਦ ਵਿੱਚ ਬਾਬੂ ਜੀ ਦੇ ਰਾਜਨੀਤਕ ਰੁਝੇਵਿਆਂ ਕਾਰਨ ''ਆਦਿ-ਡੰਕਾ'' ਦੀ ਸੰਪਾਦਕ ਦੀ ਜ਼ਿੰਮੇਵਾਰੀ ਬਾਬੂ ਰਾਮ ਚੰਦ ਖੇੜਾ ਨੂੰ ਸੌਂਪ ਦਿੱਤੀ। ਸੰਤ ਰਾਮ ਅਜ਼ਾਦ ਨੂੰ ਸਬ-ਐਡੀਟਰ ਬਣਾਇਆ ਗਿਆ। ''ਆਦਿ ਡੰਕਾ'' ਦੇ ਮੁਢਲੇ ਕਵੀਆਂ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਸੰਤ ਰਾਮ ਭਾਮ, ਧੰਨਾ ਸਿੰਘ ਲੰਗੇਰੀ, ਸੰਸਾਰ ਚੰਦ ਮੂਗੋਵਾਲੀਆ, ਭਗਤ ਰਾਮ ਦੀਵਾਨਾ ਮੰਡਾਲੀ, ਸੰਤ ਗੋਪਾਲ ਦਾਸ, ਗੁਰਦਾਸ ਦਾਸ ਆਲਮ, ਪੰਡਿਤ ਹਰੀ ਰਾਮ ਪੰਡੋਰੀ ਬੀਬੀ, ਚਰਨ ਸਿੰਘ ਸਫ਼ਰੀ, ਚਾਨਣ ਲਾਲ ਮਾਣਕ, ਸੰਤ ਰਾਮ ਅਜ਼ਾਦ, ਸੰਗੂ ਰਾਮ ਰਾਇਪੁਰ ਡੱਬਾ, ਪੰਡਿਤ ਬਖਸ਼ੀ ਰਾਮ ''ਆਦਿ ਦੁਖੜੇ'' ਟ੍ਰੈਕਟ ਵਿੱਚ ਇਨ੍ਹਾਂ ਕਵੀਆਂ ਦੀਆਂ ਕਵਿਤਾਵਾਂ ਛਾਪ ਕੇ ਮੁਫ਼ਤ ਵੰਡਦੇ ਸਨ।'' ਮਹੱਤਵਪੂਰਨ ਤੱਥ ਇਹ ਹੈ ਕਿ 'ਆਦਿ-ਡੰਕਾ' ਦੇ ਇਹ ਕਵੀ ਆਦਿ-ਧਰਮ ਲਹਿਰ ਨਾਲ ਸਬੰਧਤ ਪਰਚਿਆਂ ਵਿੱਚ ਲਗਾਤਾਰ ਛਪਦੇ ਰਹੇ। ਜਿਨ੍ਹਾਂ ਦੀ ਗਿਣਤੀ ਕਈ ਦਰਜਨ ਹੈ। ਇਸ ਤੋਂ ਬਾਅਦ ''ਆਦੀ ਦੁਖੜੇ'' ਟ੍ਰੈਕਟ ਨੰਬਰ 1 ਵਿਚ ਬਾਬੂ ਜੀ ਦੀਆਂ ਕਵਿਤਾਵਾਂ ਪ੍ਰਕਾਸ਼ਿਤ ਹੋਈਆਂ। 'ਆਦੀ ਦੁਖੜੇ' ਟ੍ਰੈਕਟ ਕਿਸ਼ਨਾ ਸਟੀਮ ਪ੍ਰੈੱਸ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ ਗਿਆ ਜਿਸ ਦੀ ਪ੍ਰਕਾਸ਼ਿਤ ਤਾਦਾਦ ਦੋ ਹਜ਼ਾਰ (2000) ਸੀ। ਮਿਤੀ ਟ੍ਰੈਕਟ ਉਪਰ ਨਹੀਂ ਲਿਖੀ ਸੰਭਵ ਹੈ-1926 ਤੋਂ ਬਾਅਦ ਹੀ ਛਪਿਆ ਹੋਵੇ। ਟ੍ਰੈਕਟ ਦੇ ਮੁੱਖ ਪੰਨੇ ਉਪਰ 'ਏਕ ਬ੍ਰਹਮ ਦੁਤੀਆ ਨਾਸ' ਪ੍ਰਕਾਸ਼ਿਤ ਹੈ, ਨਾਲ ਹੀ 'ਸੋਹੰ' ''ਆਦ ਧਰਮ ਕੀਜੈ' ਛਪਿਆ ਹੈ। ਜਾਪਦਾ ਹੈ ਇਸ ਟ੍ਰੈਕਟ ਤੋਂ ਬਾਅਦ ਵੀ ਹੋਰ ਟ੍ਰੈਕਟ ਪ੍ਰਕਾਸ਼ਿਤ ਹੋਏ ਹੋਣਗੇ। 'ਆਦਿ-ਦੁਖੜੇ' ਟ੍ਰੈਕਟ ਵਿੱਚ ਬਾਬੂ ਜੀ ਦੀ ਕਵਿਤਾ ਗੁਰਦੇਵ ਉਸਤਤੀ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ 10 ਕਵਿਤਾਵਾਂ ਬੈਂਤ ਛੰਦ ਵਿੱਚ ਹਨ ਤੇ ਚਾਰ ਕੋਰੜਾ ਛੰਦ ਵਿੱਚ। ਬਾਬੂ ਮੰਗੂ ਰਾਮ ਮੁਗੋਵਾਲੀਆ ਦੀਆਂ ਕੁੱਝ ਕਵਿਤਾਵਾਂ 'ਰਵਿਦਾਸ ਪੱਤ੍ਰਿਕਾ' 'ਚ ਵੀ ਪ੍ਰਕਾਸ਼ਿਤ ਹੋਈਆਂ। ਇਸ ਟ੍ਰੈਕਟ 'ਚ ਪ੍ਰਕਾਸ਼ਿਤ ਕਵਿਤਾਵਾਂ ਮੂਲ ਰੂਪ 'ਚ ਆਦਿ-ਧਰਮ ਦਾ ਮੁਢਲਾ ਕਾਵਿ ,ਹੈ ਜਿਸ ਨੂੰ ਛੰਦ ਬੱਧ ਰਚਨਾ ਕਿਹਾ ਜਾ ਸਕਦਾ ਹੈ। ਇਹ ਮਨੋਰਥ ਮੁਖੀ ਕਾਵਿ ਹੈ, ਜਿਸ ਵਿੱਚ ਮੁਢਲੇ ਤੌਰ 'ਤੇ ਗੁਰਦੇਵ ਉਸਤਤੀ ਤੋਂ ਬਾਅਦ ਗੁਰਦੇਵ ਅੱਗੇ ਆਪਣੀ ਕੌਮ ਦੀ ਬਦ ਤੋਂ ਬਦਤਰ ਸਥਿਤੀ ਦਾ ਵਰਨਣ ਕੀਤਾ ਗਿਆ ਹੈ। ਨਾਲ ਹੀ ਆਦਿ-ਧਰਮੀ ਸਮਾਜ ਨੂੰ ਜਾਗਰੁਕ ਕੀਤਾ ਗਿਆ ਹੈ ਕਿ ਤੁਸੀਂ ਆਪਣੇ ਆਪ ਦੀ ਪਛਾਣ ਕਰਕੇ ਵਿਦਿਆ ਪ੍ਰਾਪਤ ਕਰੋ ਤੇ ਗੁਲਾਮੀ ਦੇ ਸਮਾਜਿਕ ਬੰਧਨਾਂ ਤੋਂ ਮੁਕਤ ਹੋਵੋ। ਸੰਭਵ ਹੈ ਜਦੋਂ ਆਦਿ-ਧਰਮ ਦੇ ਸੰਘਰਸ਼ ਦਾ ਬਿਗਲ ਬੱਜ ਗਿਆ ਸੀ ਉਦੋਂ ਇਹ ਟ੍ਰੈਕਟ ਛਪਿਆ ਹੋਵੇ,

**ਆਦਿ ਧਰਮੀਓ ਬੇਨਤੀ ਮੰਨ ਲੈਣੀ**
**ਬਿਗਲ ਕੌਮ ਸੁਧਾਰ ਦਾ ਬੱਜ ਗਿਆ।**

ਬਾਬੂ ਮੰਗੂ ਰਾਮ ਮੁਗੋਵਾਲੀਆ ਸਿਰਫ਼ ਸੰਪਾਦਕ ਅਤੇ ਕਵੀ ਹੀ ਨਹੀਂ ਸਨ ਸਗੋਂ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿੱਚ ਸਵੈ-ਜੀਵਨੀ ਮੂਲਕ ਬਿਰਤਾਂਤ ਦੀ ਸਿਰਜਨਾ ਵੀ ਕੀਤੀ ਹੈ, ਨਾਲ ਹੀ ਆਦਿ-ਧਰਮ ਦੇ ਪ੍ਰਸੰਗ ਵਿੱਚ ਰਵਿਦਾਸ ਪੱਤ੍ਰਿਕਾ ਦੇ 1970ਵਿਆਂ ਦੇ ਅੰਕਾਂ ਵਿੱਚ ਆਦਿ-ਧਰਮੀ ਕੌਮ ਦੇ ਨਾਂ ਸੰਦੇਸ਼ ਦੇ ਰੂਪ 'ਚ ਲਗਾਤਾਰ ਛੋਟੇ ਲੇਖਾਂ ਦੇ ਰੂਪ 'ਚ ਵਾਰਤਕ ਦੀ ਰਚਨਾ ਵੀ ਕੀਤੀ ਹੈ। ਸਪਤਾਹਿਕ ਰਵਿਦਾਸ ਪੱਤ੍ਰਿਕਾ ਫਰਵਰੀ 1970 'ਚ ਛਪਣਾ ਸ਼ੁਰੂ ਹੋਇਆ। ਪਰਚੇ ਦੀ ਪ੍ਰਕਾਸ਼ਨਾ ਦਾ ਮਨੋਰਥ ਆਦਿ-ਧਰਮ ਮੰਡਲ ਲਹਿਰ ਨੂੰ ਮੁੜ ਤੋਂ ਉਸਾਰਨਾ ਸੀ। ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 30 ਜੂਨ 1970 ਦੇ ਅੰਕ 'ਚ ''ਪੰਜਾਬ ਆਦਿ ਧਰਮ ਮੰਡਲ'' ਸਿਰਲੇਖ ਹੇਠ ਲਿਖਣਾ ਸ਼ੁਰੂ ਕੀਤਾ। ਲੇਖਕ ਦਾ ਨਾਮ 'ਬਾਬੂ ਮੰਗੂ ਰਾਮ ਜਨਮਦਾਤਾ ਆਦਿ-ਧਰਮ ਮੰਡਲ' ਦਰਜ ਕੀਤਾ ਗਿਆ ਹੈ। ਲੇਖ ਦੀ ਪਹਿਲੀ ਹੀ ਸਤਰ ਵਿੱਚ ਲਿਖਿਆ ਹੈ ''ਆਦਿ-ਧਰਮ ਮੰਡਲ ਦੀ ਸਥਾਪਨਾ ਉਸ ਸਮੇਂ ਹੋਈ ਜਦੋਂ ਸਾਡੇ ਉੱਤੇ ਕਈ ਤਰ੍ਹਾਂ ਦੇ ਅੱਤਿਆਚਾਰ ਹਿੰਦੂਆਂ ਵੱਲੋਂ ਹੋ ਰਹੇ ਸਨ।'' ਇਸ ਪ੍ਰਕਾਰ ਬਾਬੂ ਮੰਗੂ ਰਾਮ ਨੇ ਲਗਾਤਾਰ ਰਵਿਦਾਸ ਪੱਤ੍ਰਿਕਾ ਵਿੱਚ ਆਦਿ-ਧਰਮ ਬਾਰੇ ਸਵੈ-ਜੀਵਨੀ ਮੂਲਕ ਨਿਬੰਧ ਲਿਖੇ। ਇਨ੍ਹਾਂ ਨਿਬੰਧਾਂ ਵਿੱਚ 1970ਵਿਆਂ ਤੋਂ ਬਾਅਦ ਆਦਿ-ਧਰਮ ਮੰਡਲ ਲਹਿਰ ਦੇ ਮੁੜ ਸੰਗਠਿਤ ਰੂਪ ਬਾਰੇ, ਜਿਥੇ ਸੈਂਕੜੇ ਹੋਰ ਲੇਖਕਾਂ ਨੇ ਰਵਿਦਾਸ ਪੱਤ੍ਰਿਕਾ ਵਿੱਚ ਲਗਾਤਾਰ ਲਿਖਿਆ, ਉਥੇ ਵਿਸ਼ੇਸ਼ ਰੂਪ 'ਚ ਬਾਬੂ ਮੰਗੂ ਰਾਮ ਜੀ ਨੇ ਵਿਭਿੰਨ ਦ੍ਰਿਸ਼ਟੀਕੋਣ ਤੋਂ ਲਗਾਤਾਰ ਆਦਿ-ਧਰਮੀ ਸਮਾਜ ਦੀ ਮੁੜ ਅਗਵਾਈ ਕੀਤੀ। ''ਰਾਇਲ ਕਮਿਸ਼ਨ ਦਾ ਆਉਣਾ'' (21 ਜੁਲਾਈ 1970) ਨਾਮਕ ਆਰਟੀਕਲ 'ਚ ਜਿਥੇ ਮੰਗੂ ਰਾਮ ਮੂਗੋਵਾਲੀਆ ਨੇ ਇਸ ਬਾਰੇ ਤਫ਼ਸੀਲ ਨਾਲ ਇਤਿਹਾਸਕ ਜਾਣਕਾਰੀ ਰੌਚਿਕ ਢੰਗ ਨਾਲ ਪੇਸ਼ ਕੀਤੀ ਹੈ, ਉਥੇ ਇਸ ਸਿਰਲੇਖ ਰਾਹੀਂ ਆਦਿ-ਧਰਮ ਦੀ ਆਕਟ ਜਿੱਤ ਦੇ ਇੱਕ ਮਹੱਤਵਪੂਰਨ ਦਸਤਾਵੇਜ਼ ਦੇ ਰੂਪ 'ਚ ਪੇਸ਼ ਕੀਤਾ ਹੈ, ਇਹ ਇੱਕ ਅਜਿਹਾ ਦਸਤਾਵੇਜ਼ ਹੈ ਜਿਸ ਰਾਹੀਂ ਆਦਿ ਧਰਮੀਆਂ ਨੂੰ ਵੱਖਰੇ ਤੌਰ 'ਤੇ ਚੋਣ ਕਮਿਸ਼ਨ ਵਲੋਂ ਵੋਟ ਅਧਿਕਾਰ ਦੀ ਪ੍ਰਵਾਨਗੀ ਦਾ ਮਿਲਣਾ, 1931 ਦੀ ਮਰਦਮ ਸ਼ੁਮਾਰੀ 'ਚ ਵੱਖਰੇ ਤੌਰ 'ਤੇ ਪਛਾਣ ਨਿਸ਼ਚਿਤ ਹੋਣੀ, ਮੁੜ 1937 ਦੀਆਂ ਚੋਣਾਂ 'ਚ ਅੱਠ (8) ਆਦਿ-ਧਰਮੀ ਮੈਂਬਰਾਂ ਦਾ ਜਿੱਤਣਾ ਅਤੇ ਬਾਬੂ ਜੀ ਦਾ 1946 'ਚ ਹੁਸ਼ਿਆਰਪੁਰ ਸੀਟ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣੇ ਜਾਣਾ, ਸ਼ਾਮਿਲ ਹੈ। ਇਸ ਪ੍ਰਸੰਗ ਵਿੱਚ ਇਹ ਜਾਣਕਾਰੀ ਦੇਣੀ ਵੀ ਉਚਿਤ ਜਾਪਦੀ ਹੈ ਕਿ ਇਸੇ ਸਮੇਂ 22 ਦਸੰਬਰ 1970 'ਚ ਆਦਿ-ਧਰਮ ਮੰਡਲ ਦੀ ਮੁੜ ਸਥਾਪਨਾ ਦੀ ਖ਼ਬਰ ਰਵਿਦਾਸ ਪੱਤ੍ਰਿਕਾ 'ਚ ਪ੍ਰਕਾਸ਼ਿਤ ਹੋਈ। ਬਾਬੂ ਜੀ ਦੀ ਚੋਣ 13 ਦਸੰਬਰ 1970 ਨੂੰ ਪਿੰਡ ਰਾਇਪੁਰ ਬੱਲਾਂ ਵਿਖੇ ਆਦਿ-ਧਰਮ ਦੀ ਇੱਕ ਕਾਨਫਰੰਸ 'ਚ ਹਜ਼ਾਰਾਂ ਆਦਿ-ਧਰਮੀਆਂ ਦੀ ਹਾਜ਼ਰੀ ਵਿੱਚ ਕੀਤੀ ਗਈ। ਇਸ ਪ੍ਰਕਾਰ ਬਾਬੂ ਜੀ ਦੇ ਇਸ ਰਾਜਨੀਤਕ ਗਲਪ ਨਾਲ ਇਹ ਸਿੱਧ ਹੁੰਦਾ ਹੈ ਕਿ ਬਾਬੂ ਜੀ ਦੇ 1926 ਦੀ ਕਾਨਫਰੰਸ ਤੋਂ 44 ਸਾਲ ਬਾਅਦ ਦੇ ਰਾਜਨੀਤਕ ਜੀਵਨ ਉਪਰੰਤ ਬੌਧਿਕ ਬਣਤਰ ਵਾਲੇ ਆਰਟੀਕਲਾਂ ਦਾ ਪ੍ਰਕਾਸ਼ਿਤ ਹੋਣਾ ਉਨ੍ਹਾਂ ਨੂੰ ਇੱਕ ਚੰਗੇ ਨਿਬੰਧਕਾਰ ਸਾਬਿਤ ਕਰਦਾ ਹੈ ਜਿਨ੍ਹਾਂ ਵਿੱਚ ਰਾਜਨੀਤਕ ਚੇਤਨਾ ਦਾ ਸੁਰ ਕਾਫ਼ੀ ਡੂੰਘਾ ਨਜ਼ਰੀਂ ਪੈਂਦਾ ਹੈ।



## ਵਿਦੇਸ਼ ਯਾਤਰਾ ਅਤੇ ਜੀਵਨ ਬਿਰਤਾਂਤ

ਬਾਬੂ ਜੀ ਆਪਣੀ ਸਵੈ-ਜੀਵਨੀ ਵਿੱਚ ਆਪਣੇ ਮੁਢਲੇ ਜੀਵਨ ਸਬੰਧੀ ਜ਼ਿਕਰ ਕਰਦੇ ਹਨ ਕਿ ਤਿੰਨ ਵਰ੍ਹਿਆਂ ਦੀ ਉਮਰ 'ਚ ਮਾਤਾ ਜੀ ਚੱਲ ਵਸੇ। ਮੁਢਲੀ ਪੜ੍ਹਾਈ ਪਿੰਡ ਦੇ ਸਕੂਲ 'ਚ ਸ਼ੁਰੂ ਕੀਤੀ। ਇੱਕ ਸਾਲ ਟੂਟੋ ਮਜਾਰਾ ਦੇ ਸਕੂਲ 'ਚ ਪੜ੍ਹਨ ਤੋਂ ਬਾਅਦ ਮਾਹਿਲਪੁਰ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ। ਇਨ੍ਹਾਂ ਦੇ ਪਿਤਾ ਜੀ ਚਮੜੇ ਦਾ ਵਪਾਰ ਕਰਦੇ ਸਨ। ਇਸ ਕੰਮ ਕਾਰ 'ਚ ਅੰਗਰੇਜ਼ੀ ਦੀ ਲੋੜ ਸੀ, ਇਸ ਕਾਰਨ ਮੰਗੂ ਰਾਮ ਨੂੰ ਅਮੀਰ ਚੰਦ ਹਾਈ ਸਕੂਲ ਵਜਵਾੜੇ ਦਾਖਲ ਕਰਵਾ ਦਿੱਤਾ ਗਿਆ। ਉਸ ਸਮੇਂ ਮਾਸਟਰ ਪੋਲੋ ਰਾਮ ਦੇ ਜਾਤੀ ਵਿਤਕਰੇ ਕਾਰਨ ਮੰਗੂ ਰਾਮ ਨੂੰ 1905 'ਚ ਸਕੂਲ ਛੱਡਕੇ 1908 ਤੱਕ ਪਿਤਾ ਜੀ ਨਾਲ ਕੰਮ ਕਰਵਾਉਣਾ ਪਿਆ। ਉਨ੍ਹਾਂ ਸਮਿਆਂ 'ਚ ਦੁਆਬੇ 'ਚੋਂ ਅਮਰੀਕਾ ਲਈ ਰੁਜ਼ਗਾਰ ਕਾਰਨ ਪਰਵਾਸ ਹੋਣਾ ਸ਼ੁਰੂ ਹੋ ਚੁੱਕਾ ਸੀ। ਪਾਸਪੋਰਟ ਦੀ ਜ਼ਰੂਰਤ ਨਹੀਂ ਸੀ ਹੁੰਦੀ। ਸਾਥੀਆਂ ਨਾਲ 1909 ਦੇ ਅਖੀਰ ਵਿਚ ਕੈਲੇਫ਼ੋਰਨੀਆ (ਅਮਰੀਕਾ) ਪਹੁੰਚ ਕੇ ਪਿੰਡ ਦੇ ਸਾਥੀਆਂ ਨਾਲ ਫ਼ਲ ਤੋੜਨ ਦਾ ਕੰਮ ਕਰਨਾ ਪਿਆ। ਬਾਬੂ ਜੀ ਨੇ ਇਥੇ ਚਾਰ ਸਾਲ ਕੰਮ ਕੀਤਾ। ਪਹਿਲਾਂ ਫਰਿਜ਼ਨੋ, ਫਿਰ ਸਟਾਕਟਨ (Sackton), ਸੈਕਰਾਮੈਂਟੋ, ਐਲਸੈਂਟਰੋ (5lcentro), ਵਾਕਾਵਿਲਾ (Vacavilla), ਵੀਸਾਲੀਆ (Visalia) ਤੋਂ ਬਾਅਦ ਮੁੜ ਫਰਿਜ਼ਨੋ ਕੰਮ ਕੀਤਾ। ਇਥੇ ਰਹਿੰਦਿਆਂ ਬਾਬੂ ਮੰਗੂ ਰਾਮ ਨੇ ਮਹਿਸੂਸ ਕੀਤਾ ਕਿ ਇਥੇ ਛੂਤ-ਛਾਤ ਬਿਲਕੁਲ ਨਹੀਂ ਸੀ। ਫਿਰ ਇਹ ਦੂਹਰੀ ਗੁਲਾਮੀ ਭਾਰਤ ਵਿੱਚ ਹੀ ਕਿਉਂ? ਰਾਜਨੀਤਕ ਗੁਲਾਮੀ ਤਾਂ ਸਾਰੇ ਭਾਰਤੀਆਂ ਲਈ ਹੈ ਹੀ, ਪ੍ਰੰਤੂ ਅਛੂਤਾਂ ਲਈ ਇਹ ਦੂਹਰੀ ਗੁਲਾਮੀ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਥੇ ਰਹਿੰਦਿਆਂ ਬਾਬੂ ਜੀ ਨੇ ਵੇਖਿਆ ਕਿ ਕਾਲੇ ਤੇ ਗੋਰੇ ਮਜ਼ਦੂਰਾਂ 'ਚ ਤਾਂ ਵਿਤਕਰਾ ਹੈ ਜਿਸ ਨੂੰ ਰੰਗ ਨਸਲੀ ਵਿਤਕਰੇ ਵਜੋਂ ਵੇਖਿਆ ਜਾਂਦਾ ਹੈ। ਇਹ ਸਥਿਤੀ ਅੱਜ 21ਵੀਂ ਸਦੀ 'ਚ ਵੀ ਨਜ਼ਰ ਆਉਂਦੀ ਹੈ। ਪ੍ਰੰਤੂ ਭਾਰਤੀ ਸਮਾਜ ਵਿੱਚ ਜਾਤ ਆਧਾਰਤ ਵਿਤਕਰਾ ਰੰਗ ਨਸਲ ਦੇ ਵਿਤਕਰੇ ਤੋਂ ਜ਼ਿਆਦਾ ਖਤਰਨਾਕ ਹੈ।

ਇਤਫ਼ਾਕ ਨਾਲ ਸਾਨ ਫਰਾਂਸਿਸਕੋ ਸ਼ਹਿਰ ਵਿੱਚ 1913 'ਚ ਲਾਲਾ ਹਰਦਿਆਲ ਨਾਲ ਰਲ ਕੇ ਗ਼ਦਰ ਪਾਰਟੀ 'ਚ ਸ਼ਾਮਿਲ ਹੋ ਗਏ। ਪਾਰਟੀ ਦਾ ਆਪਣਾ ਛਾਪਾਖਾਨਾ ਸੀ। ''ਗ਼ਦਰ ਦੀ ਗੂੰਜ'' ਅਤੇ ਹੋਰ ਅਨੇਕਾਂ ਟ੍ਰੈਕਟ ਛਾਪ ਕੇ ਜਿਥੇ-ਜਿਥੇ ਵੀ ਪੰਜਾਬੀ ਰਹਿੰਦੇ ਸਨ, ਉਥੇ ਭੇਜੇ ਜਾਂਦੇ ਸਨ। ਪਹਿਲੇ ਸੰਸਾਰ ਯੁੱਧ (1914) ਸਮੇਂ ਪਾਰਟੀ ਪ੍ਰਚਾਰ ਲਈ ਬਹੁਤ ਸਾਰੇ ਲੀਡਰ ਜਰਮਨ 'ਚ ਗਏ। ਇਥੇ ਹੀ ਬਾਬੂ ਮੰਗੂ ਰਾਮ ਨੂੰ ਗ਼ਦਰ ਪਾਰਟੀ 'ਚ ਅਜ਼ਾਦੀ ਲਈ ਸੰਘਰਸ਼ ਕਰਦਿਆਂ ਸੰਪਾਦਕੀ, ਛਾਪੇਖਾਨਾ, ਟ੍ਰੈਕਟ-ਅਖ਼ਬਾਰ ਅਤੇ ਰਾਜਨੀਤਕ ਅਨੁਭਵ ਹਾਸਲ ਹੋਇਆ। 1915 'ਚ ਗ਼ਦਰ ਪਾਰਟੀ ਦੀ ਇੱਕ ਮੀਟਿੰਗ 'ਚ ਸਰਦਾਰ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ 'ਚ ਹਿੰਦੁਸਤਾਨ ਹਥਿਆਰ ਲੈ ਕੇ ਜਾਣ ਲਈ ਪੰਜ ਬੰਦਿਆਂ ਦੀ ਚੋਣ 'ਚ ਬਾਬੂ ਮੰਗੂ ਰਾਮ ਦਾ ਨਾਂ ਵੀ ਸ਼ਾਮਿਲ ਸੀ। ਇਸ ਇਤਿਹਾਸਕ ਘਟਨਾ ਦਾ ਜ਼ਿਕਰ ਬਾਬੂ ਮੰਗੂ ਰਾਮ ਨੇ ''ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ'' ਵਿੱਚ ਕੀਤਾ ਹੈ।

ਮੰਗੂ ਰਾਮ ਜੀ ਦਾ ਇਹ ਜੀਵਨ ਬਿਰਤਾਂਤ, ਬਾਕੀ ਲੇਖਕਾਂ ਨਾਲੋਂ ਵੱਖਰਾ ਤੇ ਇਤਿਹਾਸਕ ਹੋਣ ਕਾਰਨ ਵਿਅਕਤੀਗਤ ਨਾ ਹੋ ਕੇ ਗ਼ਦਰ ਲਹਿਰ ਦੇ ਮੁਢਲੇ ਬਾਰਾਂ ਸਾਲਾਂ ਦਾ ਇਹ ਮਹੱਤਵਪੂਰਨ ਬਿਰਤਾਂਤ ਹੈ ਜਿਸ ਵਿੱਚ ਮੰਗੂ ਰਾਮ ਦੇ ਦੇਸ਼ ਭਗਤ ਹੋਣ ਦਾ ਸਬੂਤ ਮਿਲਦਾ ਹੈ। ਸਮਕਾਲੀ ਦਲਿਤ ਸਵੈਜੀਵਨੀਕਾਰਾਂ ਵਾਂਗ ਇਹ ਬਿਰਤਾਂਤ ਵਿਅਕਤੀਗਤ ਪੱਧਰ 'ਤੇ ਸਮਾਜਕ ਵਿਤਕਰੇ ਦੀਆਂ ਤਹਿਆਂ ਨੂੰ ਨਹੀਂ ਉਭਾਰਦਾ, ਸਗੋਂ ਵਿਸ਼ਵ ਵਿਆਪੀ ਪੱਧਰ 'ਤੇ ਆਲਮੀ ਜੰਗ ਦੇ ਦ੍ਰਿਸ਼ ਵਿੱਚ ਸੈਮੂਲਕ ਗਲਪੀ ਬਿਰਤਾਂਤ ਦੇ ਰੂਪ 'ਚ ਗ਼ਦਰੀ ਬਾਬਿਆਂ ਦੇ ਯੋਗਦਾਨ ਦੀ ਭਰਵੀਂ ਨਿਸ਼ਾਨਦੇਹੀ ਕਰਦਾ ਹੈ।

ਬਾਬੂ ਮੰਗੂ ਰਾਮ ਨੇ ਆਪਣੀ ਉਮਰ ਦੇ ਲੱਗਭੱਗ ਸੋਲਾਂ ਕੁ ਸਾਲ ਕੈਲੇਫੋਰਨੀਆ ਜਾਣ ਸਮੇਂ ਗ਼ਦਰ ਲਹਿਰ ਵਿੱਚ ਗੁਜ਼ਾਰੇ। ਉਥੇ ਰਹਿੰਦਿਆਂ ਗ਼ਦਰੀ ਬਾਬਿਆਂ ਨਾਲ ਕੰਮ ਕਰਦਿਆਂ ਜਾਤਪਾਤੀ ਵਿਤਕਰੇ ਦਾ ਆਭਾਸ ਕਦੇ ਨਹੀਂ ਸੀ ਹੋਇਆ। ਭਾਰਤ ਨੂੰ ਅਜ਼ਾਦ ਕਰਾਉਣ ਦੀ ਧੁਨ ਹਮੇਸ਼ਾ ਦਿਲ ਦਿਮਾਗ 'ਤੇ ਛਾਈ ਰਹਿੰਦੀ ਪ੍ਰੰਤੂ ਭਾਰਤ ਪਰਤਣ 'ਤੇ ਸਕੂਲ 'ਚ ਪੜ੍ਹਨ ਸਮੇਂ ਬ੍ਰਾਹਮਣ ਅਧਿਆਪਕ ਵਲੋਂ ਕੀਤਾ ਵਿਤਕਰਾ ਅਤੀਤ ਮੁੱਖ ਵਰਤਾਰੇ ਦੇ ਰੂਪ 'ਚ ਸਾਹਮਣੇ ਆਉਣ ਲੱਗ ਪਿਆ। ਇਥੇ ਆ ਕੇ ਹੀ ਮੰਦਰਾਂ, ਤਾਲਾਬਾਂ ਖੂਹਾਂ-ਸਕੂਲਾਂ 'ਚ ਅਛੂਤਾਂ ਦੇ ਜਾਣ ਦੀ ਪਾਬੰਦੀ ਬਾਰੇ ਜਾਣਕੇ ਬਹੁਤ ਦੁੱਖ ਹੋਇਆ। ਲੇਖਕ ਮਦਰਾਸ ਤੋਂ ਬੰਬਈ ਚਲਾ ਗਿਆ। ਪੂਨਾ ਸਿਤਾਰਾ ਨਾਗਪੁਰ ਵਿੱਚ ਵੀ ਇਹੋ ਸਥਿਤੀ ਸੀ। ਦਿੱਲੀ ਆ ਕੇ ਵੀ ਇਹੋ ਨਜ਼ਾਰਾ ਸੀ। ਪੰਜਾਬ ਆ ਕੇ ਲੇਖਕ ਨੇ ਗ਼ਦਰ ਪਾਰਟੀ ਨੂੰ ਖਤ ਲਿਖਿਆ ਕਿ ''ਇਹ ਜੋ 8-9 ਕਰੋੜ ਆਦਮੀ ਹਨ, ਜੇਕਰ ਦੇਸ਼ ਨੂੰ ਅਜ਼ਾਦੀ ਮਿਲ ਵੀ ਜਾਵੇ ਤਾਂ ਇਹ ਲੋਕ ਤਾਂ ਫਿਰ ਵੀ ਇਸੇ ਤਰ੍ਹਾਂ ਰੁਲਦੇ ਰਹਿਣਗੇ। ਪਾਰਟੀ ਨੇ ਲਿਖਿਆ ਕਿ ਤੁਸੀਂ ਇਨ੍ਹਾਂ ਲਈ ਕੰਮ ਕਰੋ ਪਾਰਟੀ ਤੁਹਾਡੀ ਸਹਾਇਤਾ ਕਰੇਗੀ।''

ਇਥੋਂ ਤੱਕ ਬਾਬੂ ਮੰਗੂ ਰਾਮ ਦੀ ਸਵੈਜੀਵਨੀ ਦਾ ਮੁਢਲਾ ਭਾਗ ਸਮਾਪਤ ਹੁੰਦਾ ਹੈ, ਜਿਸ ਵਿੱਚ ਉਸ ਦੇ ਪੰਜਾਬ ਤੋਂ ਅਮਰੀਕਾ ਤੱਕ ਦੇ (1909 ਤੋਂ 1925 ਤੱਕ) ਸਫ਼ਰ ਦਾ ਜ਼ਿਕਰ ਹੈ ਜਿਸ ਵਿੱਚ 1909 ਤੋਂ 1913 ਤੱਕ ਇੱਕ ਮਜ਼ਦੂਰ ਵਜੋਂ ਤੇ 1913 ਤੋਂ ਲੱਗਭੱਗ 1924 ਤੱਕ ਗ਼ਦਰ ਲਹਿਰ 'ਚ ਇੱਕ ਗ਼ਦਰੀ ਵਜੋਂ ਕੰਮ ਕੀਤਾ। ਇਨ੍ਹਾਂ ਅਧੀਨ ਸਰਗਰਮੀਆਂ ਕੀਤੀਆਂ। ਇਹੋ ਸਮਾਂ ਸੀ ਜਦੋਂ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਭਾਰਤ ਦੀ ਰਾਜਨੀਤਕ ਗੁਲਾਮੀ ਦੇ ਨਾਲ-ਨਾਲ ਛੂਤ-ਛਾਤ ਦੀ ਜਿਹੜੀ ਸਮਾਜਕ-ਗੁਲਾਮੀ ਦੀ ਲਾਇਲਾਜ ਬੀਮਾਰੀ ਸਦੀਆਂ ਤੋਂ ਲੱਗੀ ਹੋਈ ਹੈ, ਉਸ ਦੇ ਇਲਾਜ ਲਈ ਅਛੂਤਾਂ ਨੂੰ ਲਾਮਬੰਦ ਕਰਕੇ ਸੰਘਰਸ਼ ਕਰਨਾ ਜ਼ਰੂਰੀ ਹੈ। ਇਸ ਦੂਸਰੇ ਪੜਾਅ 'ਚ ਬਾਬੂ ਮੰਗੂ ਰਾਮ ਦੇ ਜੀਵਨ 'ਚ ਵਿਆਪਕ ਤਬਦੀਲੀ ਵਾਪਰਦੀ ਹੈ। ਜਿਸ ਵਿੱਚ ਉਹ ਨਾ ਕੇਵਲ ਆਦਿ ਧਰਮ ਮੰਡਲ ਲਹਿਰ ਦੇ ਬਾਨੀ ਵਜੋਂ ਉਭਰਦੇ ਹਨ ਸਗੋਂ ਉਹ ਇੱਕ ਸੰਪਾਦਕ-ਕਵੀ, ਵਾਰਤਾਕਾਰ ਅਤੇ ਭਾਰਤੀ ਸਮਾਜਕ ਗੁਲਾਮੀ ਦੇ ਮੁਕਤੀਦਾਤਾ ਵਜੋਂ ਸਾਹਮਣੇ ਆਉਂਦੇ ਹਨ। ਪ੍ਰੰਤੂ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਉਸ ਦਾ ਜ਼ਿਕਰ ਬਤੌਰ ਸਵੈਜੀਵਨੀਕਾਰ, ਕਵੀ ਅਤੇ ਸੰਪਾਦਕ ਵਜੋਂ ਨਹੀਂ ਆਉਂਦਾ ਤੇ ਉਸ ਦੇ ਆਪਣੇ ਸਮਾਜ ਦੇ ਲੇਖਕਾਂ ਨੇ ਵੀ ਉਨ੍ਹਾਂ ਨੂੰ ਮਹਿਜ਼ ਇੱਕ ਰਾਜਨੀਤੀਵਾਨ ਵਜੋਂ ਹੀ ਪੇਸ਼ ਕੀਤਾ ਹੈ।

ਮੰਗੂ ਰਾਮ ਮੁਗੋਵਾਲੀਆ ਦੀ ਸਵੈਜੀਵਨੀ ਮੁਢਲੇ ਤੌਰ 'ਤੇ ਰਵਿਦਾਸ ਪੱਤ੍ਰਿਕਾ 'ਚ 6 ਅਪ੍ਰੈਲ 1971 ਤੋਂ ਲਗਾਤਾਰ ਕਿਸ਼ਤਵਾਰ ਛਪਣ ਸ਼ੁਰੂ ਹੋਈ। ਉਸ ਪਿਛੋਂ ਇਹ ਲਗਾਤਾਰ 3 ਮਈ 1988 ਅਤੇ 26 ਫਰਵਰੀ 2008 ਤੋਂ ਮੁੜ ਨਵੇਂ ਅਤੇ ਪੁਰਾਣੇ ਪਾਠਕਾਂ ਦੀ ਜਾਣਕਾਰੀ ਲਈ ਲਗਾਤਾਰ ਪ੍ਰਕਾਸ਼ਿਤ ਕੀਤੀ ਗਈ। 3 ਮਈ 1988 ਦੇ ਪਰਚੇ ਵਿੱਚ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਵਲੋਂ ਇਹ ਸਵੈ ਜੀਵਨੀ ਦੀ ਲੜੀ 'ਚ ਬਾਬੂ ਜੀ ਦੇ ਸਪੁੱਤਰ ਸ੍ਰੀ ਚਤਰਸੈਨ ਵਲੋਂ ਪ੍ਰਕਾਸ਼ਿਤ ਕਰਨ ਦਾ ਜ਼ਿਕਰ ਆਇਆ ਹੈ। ਬਾਬੂ ਜੀ ਨੇ ਇਹ ਸ੍ਵੈਜੀਵਨੀ ਦਾ ਬਿਰਤਾਂਤ ਬ੍ਰਿਧ ਅਵਸਥਾ 'ਚ ਬੋਲ ਕੇ ਆਪਣੇ ਸਪੁੱਤਰ ਸ੍ਰੀ ਚਤਰਸੈਨ ਨੂੰ ਲਿਖਵਾਇਆ ਹੋਵੇ। ਅੱਗੋਂ ਚਤਰਸੈਨ ਨੇ ਇਸ ਨੂੰ ਛਪਣ ਹਿੱਤ ਰਵਿਦਾਸ ਪੱਤ੍ਰਕਾ ਦੇ ਸੰਪਾਦਕ ਨੂੰ ਭੇਜ ਦਿੱਤਾ ਹੋਵੇ।

ਉਪਰੋਕਤ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਬਾਬੂ ਮੰਗੂ ਰਾਮ ਮੁਗੋਵਾਲੀਆ ਨਾ ਕੇਵਲ ਇੱਕ ਗ਼ਦਰ ਲਹਿਰ ਦੇ ਮੁਢਲੇ ਬਾਬਿਆਂ ਵਿੱਚੋਂ ਸਨ, ਸਗੋਂ ਉਹ ਆਦਿ-ਧਰਮ ਮੰਡਲ ਲਹਿਰ ਦੇ ਸੰਸਥਾਪਕ ਬਾਨੀ ਸਨ। ਇੱਕ ਸੁੰਘੜ ਰਾਜਨੀਤੀਵਾਨ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਇਕ ਉੱਘੇ ਸਾਹਿਤਕਾਰ ਅਤੇ ਸੰਪਾਦਕ ਅਤੇ ਪ੍ਰਕਾਸ਼ਕ ਹੋਣ ਦੇ ਗੁਣ ਵੀ ਸਨ। ਕਿਉਂਕਿ ''ਆਦੀ ਦੁੱਖੜੇ'' ਅਤੇ ਟ੍ਰੈਕਟ ਉਪਰ ਮੰਗੂ ਰਾਮ ਦਾ ਬਤੌਰ ਪ੍ਰਕਾਸ਼ਨ ਵੀ ਛਪਿਆ ਹੋਇਆ ਹੈ। ਸਮਾਂਤਰ ਉਹ ਇੱਕ ਗਲਪਕਾਰ ਵੀ ਸਨ। ਪ੍ਰੰਤੂ ਭਾਰਤ ਦੀ ਰਾਜਨੀਤੀ ਵਿੱਚ 'ਆਦਿ-ਧਰਮ' ਦੀ ਸਥਾਪਨਾ ਦੇ ਨਾਲ-ਨਾਲ, ਜਿਸ ਤਰੀਕੇ ਨਾਲ ਉਨ੍ਹਾਂ ਨੇ ਇੱਥੋਂ ਦੀ ਰਾਜਨੀਤੀ-ਸਭਿਆਚਾਰ ਅਤੇ ਇਤਿਹਾਸ ਨੂੰ ਇੱਕ ਨਵਾਂ ਮੋੜ ਦੇ ਕੇ, ਨਵੇਂ ਸਮਾਜ ਦੀ ਸਿਰਜਣਾ 'ਚ ਅਹਿਮ ਰੋਲ ਨਿਭਾਇਆ, ਉਸ ਕਾਰਨ ਬਾਬੂ ਜੀ ਨੂੰ ਇੱਕ ਰਾਜਨੀਤੀਵਾਨ ਵਜੋਂ ਸਾਸ਼ੱਕਤ ਰੂਪ 'ਚ ਉਭਰਨ ਦਾ ਮੌਕਾ ਮਿਲਿਆ, ਜਿਸ ਨਾਲ ਉਨ੍ਹਾਂ ਅੰਦਰ ਛੁਪੇ ਇੱਕ ਸੰਪਾਦਕ, ਸਵੈਜੀਵਨੀਕਾਰ, ਕਵੀ ਅਤੇ ਵਾਰਤਾਕਾਰ ਵਜੋਂ ਉਨ੍ਹਾਂ ਨੂੰ ਅਕਾਦਮਿਕ ਅਦਾਰਿਆਂ ਅੰਦਰ ਲੋੜੀਂਦੀ ਪਛਾਣ ਨਹੀਂ ਮਿਲੀ। ਇਹ ਗੱਲ ਬਹੁਤ ਮਹੱਤਵਪੂਰਨ ਹੈ ਅਤੇ ਚਿੰਤਾ ਵਾਲੀ ਵੀ ਕਿ ਰਵਿਦਾਸ ਪੱਤ੍ਰਿਕਾ 'ਚ ਉਨ੍ਹਾਂ ਦੀ ਸਵੈਜੀਵਨੀ ਦੇ ਪ੍ਰਕਾਸ਼ਿਤ ਹੋਣ ਤੋਂ ਬਿਨਾਂ ਵੱਖਰੇ ਤੌਰ 'ਤੇ ਕੋਈ ਪੁਸਤਕ ਉਨ੍ਹਾਂ ਦੇ ਬਾਰੇ ਨਹੀਂ ਮਿਲਦੀ। ਹਥਲਾ ਯਤਨ ਉਨ੍ਹਾਂ ਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਕਿਤਾਬੀ ਰੂਪ 'ਚ ਪ੍ਰਕਾਸ਼ਿਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ।

## 'ਆਦਿ-ਧਰਮ ਮੰਡਲ ਰਿਪੋਰਟ

ਆਦਿ-ਧਰਮ ਮੰਡਲ ਦਾ ਮੁੱਖ ਦਸਤਾਵੇਜ਼ ''ਆਦਿ-ਧਰਮ ਮੰਡਲ ਰਿਪੋਰਟ'' ਹੈ। ਇਹ ਰਿਪੋਰਟ 15 ਮਈ 1931 'ਚ ਪ੍ਰਕਾਸ਼ਿਤ ਕੀਤੀ ਗਈ। ਮੁਢਲੇ ਤੌਰ 'ਤੇ ਇਹ ਰਿਪੋਰਟ ਉਰਦੂ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਮਿਲਦੀ ਹੈ। ''ਆਦਿ ਡੰਕਾ'' ਵੀ ਰਿਪੋਰਟ ਛਪਣ ਸਮੇਂ ਉਰਦੂ ਵਿੱਚ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਇਸ ਰਿਪੋਰਟ 'ਚ 1925 ਤੋਂ 1931 ਅੱਸੀ ਪੰਨਿਆਂ ਵਿੱਚ ਆਦਿ-ਧਰਮ ਮੰਡਲ ਲਹਿਰ ਦੀ ਮੁਕੰਮਲ ਜਾਣਕਾਰੀ ਮਿਲਦੀ ਹੈ। ਯਕੀਨਨ ''ਆਦੀ ਦੁੱਖੜੇ'', ''ਵਿਹਾਰ ਸੁਧਾਰ'' ਅਤੇ ਆਦਿ-ਧਰਮ ਮੰਡਲ ਰਿਪੋਰਟ (1931) ਵੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਹੀ ਰਚਨਾ ਹੈ। ਕਿਸ਼ਨ ਸਟੀਮ ਪ੍ਰੈੱਸ, ਰੇਲਵੇ ਰੋਡ ਜਲੰਧਰ (ਸ਼ਹਿਰ) ਨੇ ਅਸਲ ਰਿਪੋਰਟ ਦੀਆਂ ਇੱਕ ਹਜ਼ਾਰ ਕਾਪੀਆਂ ਪ੍ਰਕਾਸ਼ਿਤ ਕੀਤੀਆਂ ਸਨ।

'ਰਿਲੀਜੀਅਸ ਰੈਬਲਜ਼ ਇਨ ਪੰਜਾਬ' ਦੇ ਕਰਤਾ ਡਾ. ਮਾਰਕ ਜਰਗਨਜ਼ਮਾਇਰ ਨੇ ਇਸ ਰਿਪੋਰਟ ਦਾ ਅੰਗਰੇਜ਼ੀ 'ਚ ਅਨੁਵਾਦ ਆਪਣੇ ਥੀਸਿਸ 'ਚ ਕੀਤਾ ਸੀ। ਡਾ. ਮਾਰਕ ਅਨੁਸਾਰ ਇਸ ਦੀ ਵਿਚਾਰਧਾਰਾ, ਇਸ ਦਾ ਧਾਰਮਿਕ ਜਨਮ ਇਸ ਦੇ ਵਿਸ਼ਵਾਸਾਂ ਅਤੇ ਚਿੰਨ੍ਹਾਂ, ਇਸ ਦੀਆਂ ਭਵਿੱਖ ਪ੍ਰਤੀ ਆਸਾਵਾਂ ਅਤੇ ਇਸ (ਮੰਡਲ) ਵਲੋਂ ਆਪਣੇ ਪੈਰੋਕਾਰਾਂ ਤੋਂ ਜੋ ਇੱਛਾਵਾਂ ਰੱਖੀਆਂ ਉਨ੍ਹਾਂ ਦੇ ਵੇਰਵੇ ਇਸ ਵਿੱਚ ਦਰਜ ਹਨ। ਮੋਟੇ ਤੌਰ 'ਤੇ ਇਹ ਰਿਪੋਰਟ ਆਦਿ-ਧਰਮ ਵਲੋਂ ਪੰਜਾਬ ਦੇ ਦੱਬੇ ਕੁਚਲੇ ਪਰ ਬੇਸਹਾਰਾ ਸਮਾਜ ਨੂੰ ਜ਼ਰੂਰਤ ਭਰੀ ਅਤੇ ਉਤਸ਼ਾਹਪੂਰਨ ਭਾਵਨਾ ਪ੍ਰਦਾਨ ਕਰਦੀ ਹੈ। ਇਹ ਨਵੀਂ ਦੁਨੀਆ ਅਤੇ ਨਵੀਂ ਦੁਨਿਆਵੀ ਵਿਚਾਰਕ ਸੋਝੀ ਦੀ ਤਸਵੀਰ ਪ੍ਰਦਾਨ ਕਰਦੀ ਹੈ। ਪੰਜਾਬੀ ਵਿੱਚ ਇਸ ਦਾ ਅਨੁਵਾਦ ਸ੍ਰੀ ਸੀ.ਐਲ. ਚੁੰਬਰ ਸੰਪਾਦਕ 'ਕੌਮੀ ਉਡਾਰੀਆਂ', ਅੰਗਰੇਜ਼ੀ ਵਿੱਚ ਸੁਰਜੀਤ ਸਿੰਘ ਗੁਰਾਇਆ ਅਤੇ ਹਸਨ ਹਮਦਾਨੀ ਦੀ ਸਹਾਇਤਾ ਨਾਲ ਕੀਤਾ ਗਿਆ। ਇਹ ਸਪਸ਼ਟ ਹੈ ਕਿ ''ਬਿਹਾਰ ਸੁਧਾਰ'' ਟ੍ਰੈਕਟ ਅਤੇ ਆਦਿ-ਧਰਮ ਮੰਡਲ ਰਿਪੋਰਟ ਦੇ ਲੇਖਕ ਵੀ ਮੰਗੂ ਰਾਮ ਮੁਗੋਵਾਲੀਆ ਹੀ ਸਨ।

# ਪੰਜਾਬੀ ਸਾਹਿਤ ਸਭਾ ਦੇ ਸਮਾਗਮ ਵਿੱਚ ਚੱਲਿਆ ਰਚਨਾਵਾਂ ਦਾ ਦੌਰ

"इक्वैलिटी ऐंड जसटिस" पटिआला 21 अप्रैल
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਤ੍ਰਿਪਤਾ ਕੇ ਸਿੰਘ ਨੇ ਕੀਤੀ।ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਭਾ ਦੇ ਜਨਰਲ ਸਕੱਤਰ ਅਤੇ ਖੋਜ ਅਫ਼ਸਰ ਭਾਸ਼ਾ ਵਿਭਾਗ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਪੰਜਾਬੀ ਅਤੇ ਹਿੰਦੀ ਦੇ ਪ੍ਰਬੁਧ ਸਾਹਿਤਕਾਰ ਕਹਾਣੀਕਾਰ ਪ੍ਰੇਮ ਪ੍ਰਕਾਸ਼, ਡਾ. ਹਰਜਿੰਦਰ ਸਿੰਘ ਅਟਵਾਲ, ਆਦਿਵਾਸੀ ਕਹਾਣੀਕਾਰਾ ਡਾ. ਰਾਜ ਕੇਰਕੇਟਾ, ਨਦੀਮ ਪਰਮਾਰ, ਕ੍ਰਿਸ਼ਨ ਭਨੋਟ ਹੁਰਾਂ ਦੀ ਨਿੱਘੀ ਯਾਦ ਵਿੱਚ ਸ਼ੋਕ ਮਤਾ ਪੜ੍ਹਿਆ ਅਤੇ ਸਭਾ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਉਪਰੰਤ ਰਚਨਾਵਾਂ ਦੇ ਚੱਲੇ ਦੌਰ ਵਿੱਚ ਸਾਹਿਤਕਾਰਾਂ ਡਾ. ਕਰਮਜੀਤ ਸਿੰਘ, ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ, ਡਾ. ਹਰਪ੍ਰੀਤ ਸਿੰਘ, ਸੋਮਦੱਤ ਦਿਲਗੀਰ, ਡਾ. ਕੁਲਦੀਪ ਸਿੰਘ, ਰਾਜ ਕੁਮਾਰ ਘਾਸੀਪੁਰੀਆ, ਰਬਿੰਦਰ ਸ਼ਰਮਾ, ਬਲਜੀਤ ਕੌਰ ਝੂਟੀ, ਪ੍ਰਿੰਸੀਪਲ ਚਰਨ ਸਿੰਘ, ਹਰਬਿੰਦਰ ਸਾਹਬੀ, ਸੁਰਿੰਦਰ ਸੱਲ੍ਹਣ, ਪ੍ਰਿੰਸੀਪਲ ਦਾਸ ਭਾਰਤੀ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁਲ, ਡਾ. ਦਰਸ਼ਨ ਸਿੰਘ ਦਰਸ਼ਨ, ਸਤੀਸ਼ ਕੁਮਾਰ, ਡਾ. ਅਜੀਤ ਸਿੰਘ ਜੱਬਲ, ਪ੍ਰਭਜੋਤ ਕੌਰ, ਤੀਰਥ ਚੰਦ ਸਰੋਆ ਅਤੇ ਰਜਿੰਦਰ ਸੱਚਦੇਵਾ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ, ਗ਼ਜ਼ਲਾਂ, ਗੀਤ, ਕਹਾਣੀਆਂ ਸੁਣਾ ਕੇ ਸ਼ਹਿਬਰ ਲਾ ਦਿੱਤੀ।ਸਮਾਗਮ ਦੇ ਦੂਜੇ ਸੈਸ਼ਨ ਵਿੱਚ ਸਭਾ ਦੇ ਮੈਂਬਰਾਂ ਦੀਆਂ ਛਪੀਆਂ ਕਿਤਾਬਾਂ ਬਾਰੇ ਚਰਚਾ ਕੀਤੀ ਗਈ।ਇਸ ਗੱਲ ਨੂੰ ਸਰਵ ਪ੍ਰਵਾਨਤਾ ਦਿੱਤੀ ਗਈ ਕਿ ਸਭਾ ਦੇ ਜਿਸ ਵੀ ਮੈਂਬਰ ਦੀ ਨਵੀਂ ਕਿਤਾਬ ਛਪ ਕੇ ਆਵੇਗੀ, ਸਭਾ ਪਹਿਲ ਦੇ ਅਧਾਰ 'ਤੇ ਇਸ ਕਿਤਾਬ ਨੂੰ ਲੋਕ ਅਰਪਣ ਦੇ ਨਾਲ ਨਾਲ ਗੋਸ਼ਟੀ ਸਮਾਗਮ ਵੀ ਕਰਵਾਏਗੀ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਤ੍ਰਿਪਤਾ ਕੇ ਸਿੰਘ ਨੇ ਪੇਸ਼ ਹੋਈਆ ਰਚਨਾਵਾਂ 'ਤੇ ਆਪਣੀਆਂ ਸਾਰਥਕ ਟਿੱਪਣੀਆਂ ਦਿੰਦਿਆਂ ਰਚਨਾਕਾਰਾਂ ਨੂੰ ਵਧਾਈਆਂ ਦਿੱਤੀਆਂ।ਧੰਨਵਾਦੀ ਸ਼ਬਦ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

# ਆਸਰਾ ਫਾਊਂਡੇਸ਼ਨ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਦਾ ਹੋਇਆ ਸਨਮਾਨ

"इक्वैलिटी ऐंड जसटिस" पटिआला 21 अप्रैल
INTERNATIONAL PAPER, 9463601616
hardipchumber57@gmail.com




ਸ੍ਰੀ ਅਨੰਦਪੁਰ ਸਾਹਿਬ ਖਾਲਸੇ ਦੀ ਜਨਮ - ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ ਨਵਾਂਸ਼ਹਿਰ ਦੇ ਖੇਤਰ ਸ੍ਰੀ ਅਨੰਦਪੁਰ ਸਾਹਿਬ ਦੇ ਪਰਿਵਾਰਕ ਖੇਡ ਮੇਲੇ ਦੇ ਸਮਾਗਮ ਦੌਰਾਨ ਇਸ ਬਹੁਤ ਮਹਾਨ ਧਾਰਮਿਕ ਸੰਸਥਾ ਵੱਲੋਂ ਵਾਤਾਵਰਨ ਅਤੇ ਸਮਾਜ ਸੇਵਾ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ ( ਰਜਿ. ) ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਨ ਨੂੰ ਹਰਾ- ਭਰਾ ਰੱਖਣ ਲਈ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

ਇਸ ਮੌਕੇ ਡਾ.ਹਰਦਿਆਲ ਸਿੰਘ ਪੰਨੂ (ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ), ਆਤਮਾ ਸਿੰਘ ਘਟੀਵਾਲ (ਸਾਬਕਾ ਪ੍ਰਧਾਨ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ), ਜਸਵਿੰਦਰ ਸਿੰਘ ਰਤਨ (ਪ੍ਰਧਾਨ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ, ਮਾਸਟਰ ਰਣਜੀਤ ਸਿੰਘ ਸੈਣੀ (ਪ੍ਰਧਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ), ਮਹਿੰਦਰ ਮੋਹਨ ਸਿੰਘ (ਸਾਬਕਾ ਪ੍ਰਧਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) , ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ , ਸਾਬਕਾ ਪ੍ਰਧਾਨ ਨਵੀਨ ਕੁਮਾਰ, ਦਵਿੰਦਰਪਾਲ ਸਿੰਘ, ਅੰਕੁਸ਼ ਕੁਮਾਰ, ਡਾ. ਮਨਦੀਪ ਸਿੰਘ, ਪ੍ਰਸ਼ਾਂਤ ਵੋਹਰਾ, ਅਜੇ ਕੁਮਾਰ, ਜਸਦੀਪ ਸਿੰਘ ਧਾਲੀਵਾਲ, ਸਤਿੰਦਰ ਪਾਲ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ ਗੰਗੂਵਾਲ, ਕੰਵਲਜੀਤ ਸਿੰਘ, ਸ਼ਮਸ਼ੇਰ ਸਿੰਘ, ਬਿਕਰਮਜੀਤ ਸਿੰਘ, ਅਜੇ ਬੈਂਸ, ਤੇਜਪਾਲ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ (ਕੰਨਿਆ) ਭਵਾਨੀਗੜ੍ਹ ਦੀ ਵਿਦਿਆਰਥਣ ਨੇ ਮਾਰੀਆਂ ਮੱਲਾਂ

"इक्वैलिटी ऐंड जसटिस" पटिआला 21 अप्रैल
INTERNATIONAL PAPER, 9463601616
hardipchumber57@gmail.com





ਸੰਗਰੂਰ,21 ਅਪ੍ਰੈਲ (ਜਗਸੀਰ ਲੌਂਗੋਵਾਲ)- ਪੰਜਾਬ ਅਤੇ ਇਸ ਦੇ ਨਾਲ ਲੱਗਦੀਆਂ ਸਟੇਟਾਂ ਦੇ ਵੱਖ ਵੱਖ ਇੰਜਨੀਅਰਿੰਗ ਕਾਲਜਾਂ ਵਿੱਚ ਦਾਖਲਾ ਲੈਣ ਲਈ ਜੇ ਈ ਈ (ਮੇਨ)ਐਂਟਰੈਂਸ ਐਗਜਾਮ ਦਾ ਰਿਜਲਟ ਅਤੇ ਮੈਰਿਟ ਸੂਚੀ ਕੱਲ ਡਿਕਲੇਅਰ ਹੋਈ ਜਿਸ ਵਿੱਚ ਪ੍ਰਿੰਸੀਪਲ ਡਾਕਟਰ ਬਲਵਿੰਦਰ ਸਿੰਘ ਬੇਪਰਾਏ ਦੀ ਅਗਵਾਈ ਵਿੱਚ ਸਾਇੰਸ ਸਟਰੀਮ ਦੇ ਅਧਿਆਪਕਾਂ ਸ.ਹਰਵਿੰਦਰ ਪਾਲ ਲੈਕਚਰਾਰ ਫਿਜਿਕਸ, ਸ੍ਰੀਮਤੀ ਕਾਮਨੀ ਲੈਕਚਰਾਰ ਕੈਮਿਸਟਰੀ, ਸ੍ਰੀਮਤੀ ਨਵਕਿਰਨ ਕਲਾਸ ਇੰਚਾਰਜ ਅਤੇ ਵਿਸ਼ਾ ਪੰਜਾਬੀ, ਸ੍ਰੀਮਤੀ ਅਨੀਤਾ ਬਾਂਸਲ ਅਤੇ ਗੀਤਾ ਰਾਣੀ ਮੈਥ ਲੈਕਚਰਾਰ ਮਨਜੀਤ ਸਿੰਘ ਅੰਗਰੇਜ਼ੀ ਲੈਕਚਰਾਰ ਦੀ ਸਖਤ ਮਿਹਨਤ ਸਦਕਾ ਸਰਕਾਰੀ ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ੍ਹ ਦੀ ਵਿਦਿਆਰਥਣ ਰਮਨਪ੍ਰੀਤ ਕੌਰ ਨੇ ਦੂਸਰੇ ਫੇਜ ਦੇ ਇਸ ਐਂਟਰੈਂਸ ਐਗਜ਼ਾਮ ਵਿੱਚ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਇਆ ਅਤੇ ਹੁਣ ਉਹ ਕਿਸੇ ਵੀ ਇੰਜੀਨੀਅਰਿੰਗ ਕਾਲਜ ਵਿੱਚ ਦਾਖਲਾ ਲੈ ਸਕਦੀ ਹੈ ਅਤੇ ਹੋਰ ਵਧੀਆ ਕਾਲਜ ਜਿਵੇਂ ਕਿ ਆਈ ਆਈ ਟੀ ਵਗੈਰਾ ਵਿੱਚ ਦਾਖਲਾ ਲੈਣ ਲਈ ਅੱਗੇ ਹੋਣ ਵਾਲੇ ਜੇ ਈ ਅਡਵਾਂਸ ਟੈਸਟ ਵਿੱਚ ਵੀ ਅਪੀਅਰ ਹੋਣ ਲਈ ਕੁਆਲੀਫਾਈ ਕਰ ਚੁੱਕੀ ਹੈ ਇਸ ਨਾਲ ਵਿਦਿਆਰਥਣ, ਉਹਨਾਂ ਦੇ ਮਾਪਿਆਂ, ਅਧਿਆਪਕਾਂ, ਐਸਐਮਸੀ ਕਮੇਟੀ ਮੈਂਬਰਾਂ ਅਤੇ ਹੋਰ ਸਕੂਲ ਨਾਲ ਅਪਣੱਤ ਰੱਖਣ ਵਾਲੇ ਮੋਹਤਵਰ ਵਿਅਕਤੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਸਾਰਿਆਂ ਵੱਲੋਂ ਲੜਕੀ ਰਮਨਦੀਪ ਕੌਰ ਨੂੰ ਵਧਾਈ ਦਿੱਤੀ ਜਾ ਰਹੀ ਹੈ।

# ਸਰਕਾਰੀ ਸਕੂਲਾਂ 'ਚ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਤੱਤਪਰ ਪੰਜਾਬ ਸਰਕਾਰ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ 4 ਸਕੂਲਾਂ 'ਚ 1.11 ਕਰੋੜ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕੰਮਾਂ ਦੇ ਕੀਤੇ ਉਦਘਾਟਨ

"इक्वैलिटी ऐंड जसटिस" पटिआला 21 अप्रैल
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਵਿਚ ਕ੍ਰਾਂਤੀਕਾਰੀ ਬਦਲਾਅ ਲਿਆ ਕੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਖੇਡਾਂ ਵਿਚ ਸਮੇਂ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਉਹ ਅੱਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਵਿਚ ਚਾਰ ਸਕੂਲਾਂ ਵਿਚ 1.11 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕੰਮਾਂ ਦੇ ਉਦਘਾਟਨ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਵਿਧਾਇਕ ਜਿੰਪਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੌਹਾਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਚੌਹਾਲ ਵਿਖੇ ਕਰੀਬ 77 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਜਿਸ ਵਿਚ ਦੋ ਕਲਾਸ ਰੂਮ, ਦੋ ਸ਼ੈਡ, ਇਕ ਸਕਿਉਰਟੀ ਗਾਰਡ ਰੂਮ, 1 ਮੈਡੀਕਲ ਰੂਮ, ਚਾਰਦੀਵਾਰੀ, ਇੰਟਰਲਾਕਿੰਗ ਟਾਈਲਾਂ ਦਾ ਕੰਮ ਸ਼ਾਮਲ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰੀ ਮਿਡਲ ਸਕੂਲ ਬਸੀ ਜਾਨਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਸੀ ਜਾਨਾ ਵਿਚ ਵੀ 34 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਕਲਾਸ ਰੂਮਾਂ ਦਾ ਉਦਘਾਟਨ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਰਾਜ ਸਰਕਾਰ ਸਕੂਲਾਂ ਵਿਚ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਤਾਂ ਜੋ ਵਿਦਿਆਰਥੀ ਖੇਡਾਂ ਵਿਚ ਵੀ ਸਰਾਹਨਾਯੋਗ ਉਪਲਬਧੀਆਂ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਵਿਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਨਵੇਂ ਕਲਾਸ ਰੂਮਾਂ ਦਾ ਨਿਰਮਾਣ, ਸਕੂਲਾਂ ਦੀ ਚਾਰਦੀਵਾਰੀ, ਮੁਰੰਮਤ ਕੰਮਾਂ ਦੇ ਨਾਲ-ਨਾਲ ਇਕ ਸਾਇੰਸ ਲੈਬਾਰਟਰੀ ਵੀ ਸਥਾਪਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਬੱਚਿਆਂ ਨੂੰ ਹੁਨਰਮੰਦ ਬਣਾਉਣਾ ਹੈ, ਇਸ ਟੀਚੇ ਤਹਿਤ ਸਕੂਲਾਂ ਵਿਚ ਸਕਿੱਲ ਟਰੇਨਿੰਗ ਵੀ ਕਰਵਾਈ ਜਾ ਰਹੀ ਹੈ ਜਿਸ ਨਾਲ ਬੱਚੇ ਭਵਿੱਖ ਵਿਚ ਆਤਮਨਿਰਭਰ ਬਣ ਸਕਣਗੇ। ਵਿਧਾਇਕ ਜਿੰਪਾ ਨੇ ਦੱਸਿਆ ਕਿ ਰਾਜ ਸਰਕਾਰ ਦੀ ਵਿਲੱਖਣ ਪਹਿਲਕਦਮੀ ਤਹਿਤ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਜਿਸ ਨਾਲ ਉਹ ਨਵੇਂ ਅਧਿਆਪਨ ਤਰੀਕਿਆਂ ਵਿਚ ਨਿਪੁੰਨ ਹੋ ਸਕਣਗੇ ਅਤੇ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕੀਤੀ ਜਾ ਸਕੇਗੀ।

# ਆਧੁਨਿਕ ਸੁਵਿਧਾਵਾਂ ਨਾਲ ਲੈਸ ਹੋ ਰਹੇ ਹਨ ਪੰਜਾਬ ਦੇ ਸਰਕਾਰੀ ਸਕੂਲ - ਡਿਪਟੀ ਸਪੀਕਰ

## ਡਿਪਟੀ ਸਪੀਕਰ ਨੇ 45.69 ਲੱਖ ਰੁਪਏ ਦੀ ਲਾਗਤ ਨਾਲ 7 ਸਰਕਾਰੀ ਸਕੂਲਾਂ 'ਚ ਹੋਏ ਵਿਕਾਸ ਕੰਮਾਂ ਦਾ ਕੀਤਾ ਉਦਘਾਟਨ

"इक्वैलिटी ऐंड जसटिस" पटिआला 21 अप्रैल
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਦੇ ਸਰਕਾਰੀ ਸਕੂਲਾਂ ਨੂੰ ਅਤਿਆਧੁਨਿਕ ਸੁਵਿਧਾਵਾਂ ਨਾਲ ਲੈਸ ਕਰ ਰਹੀ ਹੈ। ਕਈ ਸਕੂਲਾਂ ਦੀ ਕਾਇਆਕਲਪ ਹੋ ਚੁੱਕੀ ਹੈ ਅਤੇ ਬਾਕੀ ਵੀ ਉਚ ਪੱਧਰੀ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਸਰਕਾਰ ਲਗਾਤਾਰ ਯਤਨਸ਼ੀਲ ਹੈ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰੋੜਾਂ ਰੁਪਏ ਦੀ ਗਰਾਂਟ ਨਾਲ ਸਕੂਲਾਂ ਨੂੰ ਆਧੁਨਿਕ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ। ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 7 ਸਰਕਾਰੀ ਸਕੂਲਾਂ ਵਿਚ 45.69 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕੰਮਾਂ ਦੇ ਉਦਘਾਟਨ ਦੌਰਾਨ ਕਹੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਗਏ ਸ਼ਲਾਘਾਯੋਗ ਕੰਮਾਂ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਵਿਚ ਦਾਖਲਿਆਂ ਵਿਚ ਵੀ ਵਾਧਾ ਹੋਇਆ ਹੈ। ਡਿਪਟੀ ਸਪੀਕਰ ਨੇ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਇਬਰਾਹਿਮਪੁਰ ਵਿਚ ਇਮਾਰਤ ਦੇ ਨਵੀਨੀਕਰਨ, ਸਰਕਾਰੀ ਪ੍ਰਾਇਮਰੀ ਸਕੂਲ ਪਨਾਮ ਵਿਚ ਚਾਰਦੀਵਾਰੀ ਅਤੇ ਕਲਾਸ ਰੂਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਨਾਮ ਸਾਇੰਸ ਲੈਬਾਰਟਰੀ, ਸਰਕਾਰੀ ਪ੍ਰਾਇਮਰੀ ਸਕੂਲ ਚੱਕ ਫੁਲੂ ਕਲਾਸ ਰੂਮ ਦੇ ਨਿਰਮਾਣ, ਸਰਕਾਰੀ ਪ੍ਰਾਇਮਰੀ ਸਕੂਲ ਸਮੁੰਦੜਾ ਵਿਚ ਚਾਰਦੀਵਾਰੀ ਅਤੇ ਕਲਾਸ ਰੂਮ ਦੇ ਨਿਰਮਾਣ, ਸਰਕਾਰੀ ਪ੍ਰਾਇਮਰੀ ਸਕੂਲ ਧਮਾਈ ਵਿਖੇ ਚਾਰਦੀਵਾਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਚ ਬਣਾਏ ਗਏ ਕਲਾਸ ਰੂਮ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਦੱਸਿਆ ਕਿ ਹੁਣ ਸਰਕਾਰੀ ਸਕੂਲਾਂ ਵਿਚ ਸਾਫ਼-ਸੁਥਰਾ ਪਾਣੀ, ਬਿਜਲੀ ਵਰਗੀਆਂ ਬੁਨਿਆਦੀ ਸੁਵਿਧਾਵਾਂ ਦੇ ਨਾਲ-ਨਾਲ ਸਮਾਰਟ ਕਲਾਸ ਰੂਮ, ਸਾਇੰਸ ਲੈਬਾਰਟਰੀ, ਖੇਡ ਮੈਦਾਨ ਅਤੇ ਸੁੰਦਰ ਇਮਾਰਤਾਂ ਵਰਗੀਆਂ ਆਧੁਨਿਕ ਸੁਵਿਧਾਵਾਂ ਵੀ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ। ਇਸ ਨਾਲ ਸਕੂਲਾਂ ਦੀ ਦਿਖ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਬਹੁਤ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਲਈ ਵਧੀਆ ਵਾਤਾਵਰਣ ਮਿਲ ਰਿਹਾ ਹੈ ਤਾਂ ਜੋ ਉਹ ਮੁਕਾਬਲੇਬਾਜੀ ਪ੍ਰੀਖਿਆ ਵਿਚ ਹਿੱਸਾ ਲੈ ਕੇ ਰਾਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਮੈਡਮ ਦਾਮਨ ਬਾਜਵਾ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਨਾਮ ਊਧਮ ਸਿੰਘ ਵਾਲਾ,21 ਅਪ੍ਰੈਲ (ਜਗਸੀਰ ਲੌਂਗੋਵਾਲ) - ਸੀਨੀਅਰ ਸਿਟੀਜਨ ਦੀ ਇਕੱਤਰਤਾ ਨੂੰ ਅੱਗੇ ਵਧਾਉਂਦੇ ਹੋਏ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਸੁਨਾਮ ਊਧਮ ਸਿੰਘ ਵਾਲਾ ਵੱਲੋਂ ਇੱਕ ਮੀਟਿੰਗ ਰੱਖੀ ਗਈ ਇਸ ਮੀਟਿੰਗ ਵਿੱਚ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।

ਇਸ ਮੌਕੇ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਿਟਾ: ਐਸ.ਪੀ ਰੁਪਿੰਦਰ ਭਾਰਦਵਾਜ ਨੇ ਮੈਡਮ ਦਾਮਨ ਥਿੰਦ ਬਾਜਵਾ ਦਾ ਮੀਟਿੰਗ ਵਿੱਚ ਸ਼ਾਮਿਲ ਹੋਣ ਤੇ ਜਿਥੇ ਧੰਨਵਾਦ ਕੀਤਾ ਅਤੇ ਉੱਥੇ ਹੀ ਆਪਣੀ ਐਸੋਸੀਏਸ਼ਨ ਵੱਲੋਂ ਕੁਝ ਮੁੱਖ ਮੰਗਾਂ ਜੋ ਕਿ ਲੰਮੇ ਸਮੇਂ ਤੋਂ ਅਣਗੌਲਿਆਂ ਕੀਤੀਆਂ ਜਾ ਰਹੀਆਂ ਸਨ ਉਹਨਾਂ ਨੂੰ ਮੈਡਮ ਦਾਮਨ ਬਾਜਵਾ ਦੇ ਧਿਆਨ ਵਿੱਚ ਲਿਆਂਦਾ।

ਮੀਟਿੰਗ ਵਿੱਚ ਪਹੁੰਚੇ ਮੈਡਮ ਦਾਮਨ ਬਾਜਵਾ ਨੇ ਕਿਹਾ ਕਿ ਮੇਰੀ ਇਹ ਖੁਸ਼ਕਿਸਮਤੀ ਹੈ ਕਿ ਮੈਂ ਆਪਣੇ ਸ਼ਹਿਰ ਦੀਆਂ ਆਪਣੇ ਇਲਾਕੇ ਦੀਆਂ ਸੀਨੀਅਰ ਸਿਟੀਜਨ ਸਤਿਕਾਰਯੋਗ ਪ੍ਰਮੁੱਖ ਸਖਸ਼ੀਅਤਾਂ ਦੀ ਇਸ ਮੀਟਿੰਗ ਵਿੱਚ ਸ਼ਾਮਿਲ ਹੋ ਸਕੀ ਅਤੇ ਇਹਨਾਂ ਦਾ ਆਸ਼ੀਰਵਾਦ ਲੈ ਸਕੀ।

ਸੀਨੀਅਰ ਸਿਟੀਜਨ ਦੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਮੈਡਮ ਦਾਮਨ ਬਾਜਵਾ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਨਾਲ ਸਬੰਧਤ ਵੱਖ-ਵੱਖ ਸਕੀਮਾਂ ਤਹਿਤ ਉਹ ਜੋ ਕੁਝ ਵੀ ਕਰਵਾ ਸਕਦੇ ਹੋਏ ਆਪਣੇ ਵੱਲੋਂ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੋਸ਼ਿਸ਼ ਕਰਨਗੇ।

ਮੀਟਿੰਗ ਦੇ ਬਾਅਦ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਸੁਨਾਮ ਊਧਮ ਸਿੰਘ ਵਾਲਾ ਵੱਲੋਂ ਸੀਨੀਅਰ ਸਿਟੀਜਨ ਸਖਸ਼ੀਅਤਾਂ ਦੇ ਜਨਮ ਦਿਨ ਦੀ ਖੁਸ਼ੀ ਨੂੰ ਕੇਕ ਕੱਟ ਕੇ ਸਾਂਝਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।

ਇਸ ਮੌਕੇ ਐਸੋਸੀਏਸ਼ਨ ਪ੍ਰਧਾਨ ਰਿਟਾ. ਐਸ.ਪੀ ਰੁਪਿੰਦਰ ਭਾਰਦਵਾਜ, ਸੈਕਟਰੀ ਬੀਰਬਲ ਦਾਸ, ਖਜਾਨਚੀ ਰਾਜ ਕੁਮਾਰ ਗੋਇਲ, ਭਰਤ ਹਰੀ ਸ਼ਰਮਾਂ, ਵੇਦ ਹੇਡਲਾ, ਪਵਨ ਗੁੱਜਰ ਵਪਾਰ ਮੰਡਲ, ਭੂਸ਼ਨ, ਡਾ ਸੇਮ ਨਾਥ, ਕਰਨਵੀਰ ਸੈਨੀ, ਲਾਜਪਤ ਭੇਲਾ ਆਦਿ ਸਮੂਹ ਸੀਨੀਅਰ ਸਿਟੀਜਨ ਮੈਂਬਰ ਸਹਿਬਾਨਾਂ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਮੋਰਿੰਡਾ ਵਿਖੇ ਉਤਸ਼ਾਹ ਪੂਰਵਕ ਮਨਾਇਆ

## ਹਜ਼ਾਰਾਂ ਸੰਗਤਾਂ ਨੇ ਹਾਜ਼ਰੀਆਂ ਲਗਵਾਈਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 21 ਅਪ੍ਰੈਲ ,(ਪਤਰ ਪ੍ਰੇਰਕ,) ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਮੇਂ ਹਜ਼ਾਰਾਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀਆਂ ਲਗਵਾਈਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਹ ਧਾਰਮਿਕ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀਆਂ ਦੇ ਪ੍ਰਕਾਸ਼ ਪੁਰਬਾਂ ਨੂੰ ਮੁੱਖ ਰੱਖ ਕੇ ਕਰਵਾਏ ਗਏ। ਜਿਸ ਵਿੱਚ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਭਾਈ ਵਰਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਗੁਰਦੁਆਰਾ ਸ੍ਰੀ ਅੰਮ੍ਰਿਤਸਰ ਸਾਹਿਬ, ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਜੱਵਦੀ ਟਕਸਾਲ ਅਤੇ ਹੈਡ ਗ੍ਰੰਥੀ ਭਾਈ ਹਰਵਿੰਦਰ ਸਿੰਘ ਮਨੈਲੀ ਆਦਿ ਨੇ ਆਪਣੇ ਜਥਿਆਂ ਵਲੋਂ ਸਮੇਤ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਵਲੋਂ ਰਸ ਭਿੰਨੀ ਬਾਣੀ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ,ਨਾਮ ਜਪਣ, ਵੰਡ ਛਕਣ, ਲੋੜਵੰਦ ਲੋਕਾਂ ਦੀ ਮੱਦਦ ਕਰਨ ਅਤੇ ਜ਼ਬਰ, ਜ਼ੁਲਮ ਦੀ ਲੜਾਈ ਵਿੱਚ ਮਜ਼ਲੂਮਾਂ ਦੀ ਰੱਖਿਆ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਡੇਰਾ ਕਾਰ ਸੇਵਾ ਮੁੱਖੀ ਬਾਬਾ ਸੁਰਿੰਦਰ ਸਿੰਘ ਦਿੱਲੀ ਵਾਲਿਆਂ ਅਤੇ ਕਮੇਟੀ ਮੈਂਬਰਾਂ ਵੱਲੋਂ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਜਥਿਆਂ ਅਤੇ ਪਤਵੰਤੇ ਸੱਜਣਾ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਭਿੰਦਰ ਸਿੰਘ ਸਾਬਕਾ ਸਰਪੰਚ ਰੋਣੀ, ਸੁਖਵਿੰਦਰ ਸਿੰਘ ਮੁੰਡੀਆਂ ਸਾਬਕਾ ਵਾਈਸ ਚੇਅਰਮੈਨ ਸ਼ੂਗਰ ਮਿੱਲ ਮੋਰਿੰਡਾ, ਕਰਨੈਲ ਸਿੰਘ ਜੀਤ ਵਾਇਸ ਚੇਅਰਮੈਨ ਪੀ ਏ ਡੀ ਬੈਂਕ,ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਮੈਂਬਰ ਪ੍ਰਗਟ ਸਿੰਘ ਰੌਲੂ ਮਾਜਰਾ, ਸ਼ੇਰ ਸਿੰਘ ਡੂਮਛੇੜੀ, ਹਰਦੀਪ ਸਿੰਘ ਅਨੰਦ, ਰਾਵਿੰਦਰ ਸਿੰਘ ਰਾਜੂ,ਗੁਰਮੁੱਖ ਸਿੰਘ ਸੰਤ ਨਗਰ, ਗੁਰਮੀਤ ਸਿੰਘ ਮੋਰਿੰਡਾ, ਜਗਨਦੀਪ ਸਿੰਘ ਅਨੰਦ,ਨਵਤੇਜ ਸਿੰਘ ਤੇਜੀ ਫਤਿਹ ਪੁਰ,ਬਾਰਾ ਸਿੰਘ ਰੋਣੀ, ਗੁਰਪ੍ਰੀਤ ਸਿੰਘ ਬਾਲ ਸੰਡਾ , ਜਥੇਦਾਰ ਜੋਗਿੰਦਰ ਸਿੰਘ ਬੰਗੀਆਂ, ਜਗਦੇਵ ਸਿੰਘ ਭਟੋਆ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਮਹਿਲਾ ਆਗੂ ਰਜਿੰਦਰ ਕੌਰ ਜੀਤ, ਹਰਿੰਦਰ ਕੌਰ ਸਾਬਕਾ ਚੇਅਰਪ੍ਰਸਨ ਬਲਾਕ ਸੰਮਤੀ ਮੋਰਿੰਡਾ, ਰਾਜਵੰਤ ਕੌਰ, ਚਰਨਜੀਤ ਕੌਰ, ਸੂਬੇਦਾਰ ਦਰਸ਼ਨ ਸਿੰਘ ਗੁਰਮੀਤ ਸਿੰਘ ਕਾਂਝਲਾ, ਸੁਰਿੰਦਰ ਸਿੰਘ, ਭਾਗ ਸਿੰਘ,ਮਨਪ੍ਰੀਤ ਕੌਰ,ਭਾਈ ਮਨੀ ਸਿੰਘ,ਸਿਮਰਨ ਸਿੰਘ ,ਮਾਂ ਜਗੀਰ ਸਿੰਘ ਦੁਮਣਾ , ਸੰਤ ਸਿੰਘ , ਅਮਰਜੀਤ ਸਿੰਘ ਬੀਰ ਜੀ, ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਸਰਕਾਰ ,ਅੱਗ ਅਤੇ ਗੜ੍ਹੇਮਾਰੀ ਨਾਲ ਨੁਕਸਾਨੀ ਫਸਲ ਢੁੱਕਵਾਂ ਮੁਆਵਜਾ ਦੇਵੇ-ਪੰਜਾਬ ਕਿਸਾਨ ਯੂਨੀਅਨ.

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਮਾਨਸਾ 21 ਅਪ੍ਰੈਲ ( ਆਤਮਾ ਸਿੰਘ ਪਮਾਰ )- ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ ,ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ ਅਤੇ ਪ੍ਰੈਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਇੱਕ ਸਾਂਝੇ ਬਿਆਨ ਰਾਹੀਂ ਪੰਜਾਬ ਭਰ ਵਿੱਚ ਬਾਰਿਸ਼ ਅਤੇ ਅੱਗ ਲੱਗਣ ਨਾਲ ਹੋਏ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਕੇਂਦਰ 'ਤੇ ਪੰਜਾਬ ਸਰਕਾਰ ਤੋਂ ਪ੍ਰਤੀ ਏਕੜ 50000/- ਰੁਪੈ ਮੁਆਵਜੇ ਦੀ ਮੰਗ ਕੀਤੀ ਹੈ I ਉਹਨਾਂ ਕਿਹਾ ਕਿ ਇਸੇ ਮੰਗ ਨੂੰ ਲੈ ਕੇ 24 ਅਪ੍ਰੈਲ ਨੂੰ ਪੰਜਾਬ ਦੇ ਵੱਖ ਵੱਖ ਨੁਕਸਾਨ ਵਾਲੇ ਜ਼ਿਲ੍ਹਿਆਂ 'ਚ ਮੁਆਵਜੇ ਸੰਬੰਧੀ ਡਿਪਟੀ ਕਮਿਸ਼ਨਰਾਂ ਰਾਹੀਂ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ I ਉਹਨਾਂ ਅੱਗੇ ਕਿਹਾ ਕਿ ਫਸਲੀ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਸਰਕਾਰ ਰਾਸ਼ੀ ਜਾਰੀ ਕਰੇ ਤਾਂ ਜੋ ਖੇਤੀ 'ਤੇ ਨਿਰਭਰ ਮਿਹਨਤਕਸ ਲੋਕ ਕੁੱਝ ਰਾਹਤ ਮਹਿਸੂਸ ਕਰ



ਸਕਣ I ਆਗੂਆਂ ਨੇ ਕਿਹਾ ਜੇਕਰ ਸਰਕਾਰ ਟਾਲਮਟੋਲ ਦਾ ਰੁੱਖ ਅਖਤਿਆਰ ਕਰਦੀ ਹੈ ਤਾਂ ਹੱਕੀ ਮੰਗਾਂ ਲਈ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾI

# ਅਧਿਆਪਕ ਮਾਰਚ ਮਹੀਨੇ ਦੀ ਤਨਖਾਹ ਤੋਂ ਵਾਂਝੇ - ਡੀ.ਟੀ.ਐੱਫ ਆਗੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com





ਲੌਂਗੋਵਾਲ, 21 ਅਪ੍ਰੈਲ - (ਜਗਸੀਰ ਲੌਂਗੋਵਾਲ) -"ਅਪ੍ਰੈਲ ਮਹੀਨੇ ਦੇ 20 ਦਿਨ ਲੰਘਣ ਤੋਂ ਬਾਅਦ ਵੀ ਬਲਾਕ ਚੀਮਾ ਦੇ ਸੈਂਕੜੇ ਸੈਕੰਡਰੀ ਅਤੇ ਲਗਭਗ ਸਾਰੇ ਪ੍ਰਾਇਮਰੀ ਅਧਿਆਪਕ ਹਾਲੇ ਤੱਕ ਮਾਰਚ ਮਹੀਨੇ ਦੀ ਤਨਖਾਹ ਨੂੰ ਤਰਸ ਰਹੇ ਹਨ। ਇਹੀ ਹਾਲਤ ਸਮੁੱਚੇ ਸੰਗਰੂਰ ਜ਼ਿਲ੍ਹੇ ਵਿੱਚ ਹੈ। ਅਜਿਹੇ ਵਿੱਚ ਅਧਿਆਪਕਾਂ ਨੂੰ ਆਪਣੇ ਲੋਨ ਦੀਆਂ ਕਿਸ਼ਤਾਂ ਭਰਨ ਅਤੇ ਹੋਰ ਜ਼ਰੂਰੀ ਘਰੇਲੂ ਖਰਚੇ ਚਲਾਉਣ ਲਈ ਗੰਭੀਰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹਨਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਵਿਆਪਕ ਰੋਸ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਦੀ ਅਖੌਤੀ ਸਿੱਖਿਆ ਕ੍ਰਾਂਤੀ ਦੀ ਜ਼ਮੀਨੀ ਹਕੀਕਤ ਕੀ ਹੈ ਅਤੇ ਇਹ ਸਿਰਫ ਉਦਘਾਟਨੀ ਬੋਰਡ ਅਤੇ ਨੀਂਹ ਪੱਥਰਾਂ ਤੱਕ ਸੀਮਤ ਹੈ ਤੇ ਜ਼ਮੀਨੀ ਮੁਸ਼ਕਲਾਂ ਨੂੰ ਹੱਲ ਕਰਨ ਵੱਲ ਸੇਧਿਤ ਨਹੀਂ ਹੈ।" ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਬਲਾਕ ਚੀਮਾ ਦੇ ਪ੍ਰਧਾਨ ਜਸਬੀਰ ਨਮੋਲ ਅਤੇ ਸਕੱਤਰ ਰਣਬੀਰ ਸਿੰਘ ਜਖੇਪਲ ਨੇ ਕਿਹਾ ਕਿ ਸਰਕਾਰ ਵੱਲੋਂ ਪਾਰਟੀ ਦੇ ਪ੍ਰਚਾਰ ਲਈ ਉਕਤ ਸਮਾਗਮਾਂ ਉੱਤੇ ਕਰਦਾਤਿਆਂ ਦਾ ਪੈਸਾ ਬੇਲੋੜੇ ਤਰੀਕੇ ਨਾਲ ਵਹਾਇਆ ਜਾ ਰਿਹਾ ਹੈ ਅਤੇ ਸਿੱਖਿਆ ਕ੍ਰਾਂਤੀ ਦੇ ਝੂਠੇ ਦਾਅਵੇ ਕੀਤੇ ਜਾ ਰਹੇ ਹਨ ਪ੍ਰੰਤੂ ਅਸਲੀਅਤ ਵਿੱਚ ਸਿੱਖਿਆ ਦੇ ਵਾਹਕ ਅਧਿਆਪਕ ਆਪਣੇ ਹੱਕੀ ਮਿਹਨਤਾਨੇ ਤੋਂ ਵੀ ਵਾਂਝੇ ਹਨ। ਮੀਤ ਪ੍ਰਧਾਨ ਚੰਦਰ ਸ਼ੇਖਰ,ਵਿੱਤ ਸਕੱਤਰ ਬਲਜੀਤ ਨਮੋਲ ਅਤੇ ਪ੍ਰੈੱਸ ਸਕੱਤਰ ਸਤਨਾਮ ਉਭਾਵਾਲ ਨੇ ਕਿਹਾ ਕਿ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਚੀਮਾ ਤੋਂ ਮਿਲੀ ਜਾਣਕਾਰੀ ਅਨੁਸਾਰ ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕਰਨ 'ਤੇ ਸਰਕਾਰ ਨੇ ਜ਼ੁਬਾਨੀ ਰੋਕ ਲਗਾ ਰੱਖੀ ਹੈ ਜੋ ਕਿ ਬਹੁਤ ਮੰਦਭਾਗੀ ਗੱਲ ਹੈ। ਉਹਨਾਂ ਮੰਗ ਕੀਤੀ ਕਿ ਸਰਕਾਰ ਸਿੱਖਿਆ ਪ੍ਰਤੀ ਸਹੀ ਅਰਥਾਂ ਵਿੱਚ ਸੁਹਿਰਦ ਹੋਵੇ ਅਤੇ ਅਧਿਆਪਕਾਂ ਦੀ ਤਨਖਾਹ ਜਲਦ ਤੋਂ ਜਲਦ ਜਾਰੀ ਕੀਤੀ ਜਾਵੇ ਤਾਂ ਕਿ ਅਧਿਆਪਕਾਂ ਦੀਆਂ ਵਿੱਤੀ ਮੁਸ਼ਕਲਾਂ ਦੂਰ ਹੋਣ ਤੇ ਉਹ ਨਿਸ਼ਚਿੰਤ ਹੋ ਕੇ ਆਪਣੀ ਡਿਊਟੀ ਕਰ ਸਕਣ। ਆਗੂਆਂ ਨੇ ਕਿਹਾ ਕਿ ਜੇਕਰ ਜਲਦੀ ਹੀ ਅਧਿਆਪਕਾਂ ਨੂੰ ਤਨਖਾਹਾਂ ਦੀ ਅਦਾਇਗੀ ਨਹੀਂ ਹੁੰਦੀ ਤਾਂ ਜਥੇਬੰਦੀ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰੇਗੀ। ਇਸ ਲੜੀ ਵਿੱਚ 22 ਅਪ੍ਰੈਲ ਨੂੰ ਜ਼ਿਲ੍ਹਾ ਖਜਾਨਾ ਅਫ਼ਸਰ ਸੰਗਰੂਰ ਨੂੰ ਮਿਲਿਆ ਜਾਵੇਗਾ ਅਤੇ ਪੰਜਾਬ ਸਰਕਾਰ ਵਿਰੁੱਧ ਸੰਕੇਤਕ ਰੋਸ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

# ਬੇਰੁਜ਼ਗਾਰ ਅਧਿਆਪਕਾਂ ਤੇ ਅੰਨ੍ਹੇ ਪੁਲਿਸ ਤਸ਼ੱਦਦ ਦੀ ਸਖ਼ਤ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,21 ਅਪ੍ਰੈਲ (ਜਗਸੀਰ ਸਿੰਘ)- ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋ ਬੇਰੁਜ਼ਗਾਰਾਂ ਅਧਿਆਪਕਾਂ 5994 ਭਰਤੀ ਵਾਲਿਆਂ ਤੇ ਅਨੰਦਪੁਰ ਸਹਿਬ ਵਿਖੇ ਕੀਤੇ ਅੰਨ੍ਹੇ ਅਣਮੁੱਖੀ ਤਸੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਦੇਸ਼ ਭਗਤ ਯਾਦਗਾਰ ਦੇ ਪ੍ਰਧਾਨ ਬਲਬੀਰ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਭਗਤ ਸਿੰਘ ਲਾਇਬ੍ਰੇਰੀ ਦੇ ਕਮਲਜੀਤ ਵਿੱਕੀ,ਲਖਵੀਰ ਲੱਖੀ ਨੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਦੀਆਂ ਕਰਵਾਈਆਂ ਨੂੰ ਕਰੜੇ ਹੱਥੀਂ ਲੈਂਦਿਆਂ ਇਸ ਨੂੰ ਲੋਕ ਧ੍ਰੋਹ ਗਰਦਾਨਿਆ। ਉਹਨਾਂ ਕਿਹਾ ਸੱਤਾ ਵਿੱਚ ਆਉਣ ਵੇਲੇ ਆਪ ਦੀਂ ਭਗਵੰਤ ਮਾਨ ਸਰਕਾਰ ਨੇ ਬੇਰੁਜਗਾਰੀ ਦਾ ਨਾਮੋ ਨਿਸ਼ਾਨ ਮਿਟਾ ਕੇ ਨੌਜਵਾਨਾਂ ਨੂੰ ਫੌਰੀ ਰੁਜਗਾਰ ਦੇਣ ਦਾ ਵਾਅਦਾ ਕੀਤਾ ਸੀ ਅਤੇ ਹੋਰ ਅਨੇਕ ਵਾਅਦੇ ਜਿਸ ਵਿੱਚ ਸਾਰੀਆਂ ਫਸਲਾਂ ਤੇ ਐਮ ਐਸ ਪੀ, ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਆਦਿ ਵੀ ਕੀਤੇ ਸਨ ਜਿਨ੍ਹਾਂ ਨੂੰ ਤੁਰੰਤ ਪੂਰਾ ਕੀਤਾ ਜਾਣਾ ਚਾਹੀਦਾ। ਜੋ ਲੋਕ, ਜਥੇਬੰਦੀਆਂ ਰਾਹੀਂ ਇਹਨਾਂ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਮੰਤਰੀਆਂ, ਡੀ ਸੀ ਦਫਤਰਾਂ ਦਾ ਘਿਰਾਓ ਕਰਦੇ ਹਨ ਜੋ ਅਵਾਮ ਦਾ ਬੁਨਿਆਦੀ ਹੱਕ ਹੈ,ਤਾਂ ਉਹਨਾਂ ਨੂੰ ਪੁਲਿਸ ਦੀ ਅੰਨੀ ਕੁੱਟ ਅਤੇ ਗ਼ੈਰ ਮਨੁੱਖੀ ਪੁਲਿਸ ਤਸੱਦਦ ਪਿੰਡਿਆਂ ਤੇ ਝੱਲਣਾ ਪੈਂਦਾ ਹੈ ਜੋ ਲੋਕਤੰਤਰ ਸਰੇਆਮ ਘਾਣ ਹੈ।ਇਸ ਮੌਕੇ ਸੰਸਥਾ ਦੇ ਖਜ਼ਾਨਚੀ ਅਨਿਲ ਕੁਮਾਰ, ਬੀਰਬਲ ਸਿੰਘ,ਮਾਸਟਰ ਚੰਦਰ ਸ਼ੇਖਰ,ਸੁਖਪਾਲ ਸਿੰਘ,ਰਣਜੀਤ ਸਿੰਘ, ਸੰਦੀਪ ਸਿੰਘ, ਗੁਰਮੇਲ ਸਿੰਘ, ਕੇਵਲ ਸਿੰਘ, ਸੁਖਵੀਰ ਸਿੰਘ, ਭਾਗ ਸਿੰਘ, ਚਰਨਾ ਸਿੰਘ ਆਦਿ ਆਗੂ ਹਾਜ਼ਰ ਸਨ।

# ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਐਨਐਸਏ ਤੁਰੰਤ ਹਟਾਵੇ ਸਰਕਾਰ – ਐਡਵੋਕੇਟ ਧਾਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਏ ਗਏ ਨੈਸ਼ਨਲ ਸੁਰੱਖਿਆ ਐਕਟ (ਐਨਐਸਏ) ਦੀ ਮਿਆਦ ਵਿੱਚ ਸਰਕਾਰ ਵੱਲੋਂ ਇੱਕ ਸਾਲ ਦਾ ਹੋਰ ਵਾਧਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਤੁਰੰਤ ਹਟਾਉਣ ਲਈ ਕਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਉਸ ਨੂੰ ਅਦਾਲਤੀ ਪ੍ਰਕਿਰਿਆ ਤੋਂ ਦੂਰ ਰੱਖ ਕੇ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ।ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਕੋਈ ਅਜਿਹਾ ਗੁਨਾਹ ਨਹੀਂ ਕੀਤਾ ਕਿ ਉਸ ਨੂੰ ਦੇਸ਼ ਵਿਰੋਧੀ ਗਰਦਾਨ ਕੇ ਸੂਬੇ ਤੋਂ ਬਾਹਰ ਹਜ਼ਾਰਾਂ ਕਿਲੋਮੀਟਰ ਦੂਰ ਜੇਲ੍ਹ ਵਿਚ ਬੰਦ ਰੱਖਿਆ ਜਾਵੇ। ਇਹ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਉਚਿਤ ਕਾਰਵਾਈ ਨਹੀਂ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਗਈ ਐਨਐਸਏ ਤੁਰੰਤ ਖ਼ਤਮ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਨਿਰਪੱਖ ਅਦਾਲਤੀ ਪ੍ਰਕਿਰਿਆ ਦਾ ਮੌਕਾ ਦਿੱਤਾ ਜਾਵੇ।

# ਸਰਵਹਿੱਤਕਾਰੀ ਵਿਦਿਆ ਮੰਦਰ ਦੇ ਬਿੱਟੂ ਵਿੱਜ ਪ੍ਰਧਾਨ ਬਣੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com



ਜ਼ੀਰਾ, 21 ਅਪ੍ਰੈਲ (ਅੰਗਰੇਜ਼ ਬਰਾੜ) - ਸਵਾਮੀ ਸਵਤੇ ਪ੍ਰਕਾਸ਼ ਸਰਵਹਿੱਤਕਾਰੀ ਵਿੱਦਿਆ ਮੰਦਰ ਜ਼ੀਰਾ 'ਚ ਨਵੀਂ ਬਣੀ ਮੈਨੇਜਮੈਂਟ ਕਮੇਟੀ ਵੱਲੋਂ ਸਕੂਲ ਦੇ ਵਿਕਾਸ, ਪ੍ਰਬੰਧਕ ਢਾਂਚੇ ਅਤੇ ਭਵਿੱਖੀ ਯੋਜਨਾਬੰਦੀ ਨੂੰ ਲੈ ਕੇ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦਾ ਆਯੋਜਨ ਵਿਭਾਗ ਸਚਿਵ ਸ੍ਰੀ ਸਤਪਾਲ ਨਰੂਲਾ ਵੱਲੋਂ ਕੀਤਾ ਗਿਆ, ਜਿਸ ਵਿੱਚ ਕਮੇਟੀ ਦੇ ਨਵੇਂ ਮੈਂਬਰਾਂ ਨੂੰ ਆਪਸੀ ਜਾਣ-ਪਛਾਣ ਦੇ ਨਾਲ-ਨਾਲ ਭਵਿੱਖੀ ਯਤਨਾਂ ਬਾਰੇ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਵਿਦਿਆਲਈ ਲਈ ਵਾਤਾਵਰਣ ਦੇ ਹੋਰ ਸੁਧਾਰ, ਵਿਦਿਆਰਥੀਆਂ ਲਈ ਆਧੁਨਿਕ ਸਹੂਲਤਾਂ, ਅਧਿਆਪਕਾਂ ਦੀ ਟ੍ਰੇਨਿੰਗ, ਨੈਤਿਕ ਸਿੱਖਿਆ ਦੀ ਮਜਬੂਤੀ ਅਤੇ ਪ੍ਰਬੰਧਕੀ ਢਾਂਚੇ ਦੇ ਮਜ਼ਬੂਤ ਬਣਾਉਣ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਹੋਇਆ। ਕਈ ਅਹੰਕਾਰਪੂਰਕ ਮੁੱਦਿਆਂ ਤੇ ਸੁਝਾਅ ਆਏ ਅਤੇ ਉਨ੍ਹਾਂ ਦੇ ਹੱਲ ਕੱਢਣ ਲਈ ਰਣਨੀਤੀਆਂ ਵੀ ਤੈਅ ਕੀਤੀਆਂ ਗਈਆਂ। ਇਸ ਮੌਕੇ ਤੇ ਨਵੀਂ ਮੈਨੇਜਮੈਂਟ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਸ੍ਰੀ ਸੁਖਦੇਵ ਵਿੱਜ (ਬਿੱਟੂ ਵਿੱਜ) ਨੇ ਕਿਹਾ ਕਿ ਉਹ ਸਕੂਲ ਦੀ ਵਿਦਿਆਤਮਕ ਤੇ ਚੌਹਾਂਮੁਖੀ ਤਰੱਕੀ ਲਈ ਪੂਰੇ ਜੋਸ਼ ਅਤੇ ਸਮਰਪਣ ਨਾਲ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਸਕੂਲ ਦਾ ਮਕਸਦ ਸਿਰਫ਼ ਪਾਠਕ੍ਰਮਿਕ ਪੜ੍ਹਾਈ ਤੱਕ ਸੀਮਤ ਨਹੀਂ, ਸਗੋਂ ਵਿਦਿਆਰਥੀਆਂ ਨੂੰ ਇੱਕ ਸੰਸਕਾਰਵਾਨ, ਜ਼ਿੰਮੇਵਾਰ ਅਤੇ ਨੈਤਿਕ ਨਾਗਰਿਕ ਬਣਾਉਣ ਦਾ ਹੈ। ਵਾਈਸ ਪ੍ਰਧਾਨ ਸ਼੍ਰੀ ਸ਼ੁਸ਼ੀਲ ਜੈਨ ਅਤੇ ਸ਼੍ਰੀ ਵਰਿੰਦਰ ਜੈਨ, ਮੈਨੇਜਰ ਸ਼੍ਰੀ ਜਨਕ ਰਾਜ ਗੋਤਮ, ਸਰਪ੍ਰਸਤ ਸ਼੍ਰੀਮਤੀ ਵਨੀਤਾ ਝਾਂਜੀ ਅਤੇ ਸ਼੍ਰੀ ਸੁਭਾਸ਼ ਗੁਪਤਾ, ਪ੍ਰਿੰਸੀਪਲ ਸ਼੍ਰੀਮਤੀ ਪ੍ਰਵੀਨ ਬਾਲਾ ਅਤੇ ਗੁਰਬਰਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਰਾਹੀਂ ਜਿੱਥੇ ਕਮੇਟੀ ਦੇ ਮੈਂਬਰਾਂ ਵਿੱਚ ਆਪਸੀ ਭਰੋਸਾ ਬਣਦਾ ਹੈ, ਉੱਥੇ ਸਕੂਲ ਦੀ ਲੰਬੀ ਯਾਤਰਾ ਲਈ ਸਾਫ਼ ਦਿਸ਼ਾ ਵੀ ਨਿਰਧਾਰਿਤ ਹੁੰਦੀ ਹੈ।

ਉਨ੍ਹਾਂ ਦੇ ਇਲਾਵਾ ਕਮੇਟੀ ਮੈਂਬਰ ਸ਼੍ਰੀ ਸੁੰਦਰ ਸੂਦ, ਸ਼੍ਰੀ ਜੋਗਿੰਦਰ ਪਾਲ, ਸ਼੍ਰੀ ਕੇ.ਕੇ. ਗੁਪਤਾ, ਸ਼੍ਰੀ ਸਤੀਸ਼ ਮੋਹਨ, ਸ਼੍ਰੀ ਸੁਨੀਲ, ਸ਼੍ਰੀ ਸੁਮਿਤ ਨਰੂਲਾ, ਸ. ਨਰਿੰਦਰ ਸਿੰਘ, ਸ਼੍ਰੀ ਪ੍ਰਿੰਸ ਖੁਰਾਣਾ, ਸੱਤਪਾਲ ਸਿੰਘ, ਸ਼੍ਰੀਮਤੀ ਹੇਮ ਵੀ ਮੀਟਿੰਗ ਦੌਰਾਨ ਮੌਜੂਦ ਰਹੇ ਅਤੇ ਸਭ ਨੇ ਆਪਣੇ-ਆਪਣੇ ਤਜਰਬੇ ਸਾਂਝੇ ਕਰਦੇ ਹੋਏ ਸਕੂਲ ਦੇ ਭਲੇ ਲਈ ਵਧੀਆ ਯਤਨਾਂ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਅੰਤ ਵਿੱਚ ਸਿਧਾਂਤਕ ਤੌਰ 'ਤੇ ਫੈਸਲਾ ਕੀਤਾ ਗਿਆ ਕਿ ਅਗਲੇ ਦਿਨਾਂ ਵਿੱਚ ਸਕੂਲ 'ਚ ਹੋਰ ਸੁਧਾਰ ਲਿਆਂਦੇ ਜਾਣਗੇ, ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਨਵੀਆਂ ਸਕੀਮਾਂ ਲਾਗੂ ਕੀਤੀਆਂ ਜਾਣਗੀਆਂ ਅਤੇ ਪੇਰੇਂਟਸ ਅਤੇ ਅਧਿਆਪਕਾਂ ਵਿਚਕਾਰ ਹੋਰ ਘਣੀ ਭੂਮਿਕਾ ਬਣਾਈ ਜਾਵੇਗੀ।

# ਸਰਕਾਰ ਦੀ ਨੀਅਤ ਤੇ ਨੀਤੀ ਸਾਫ ਹੋਣ ਕਰਕੇ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਨੂੰ ਮਿਲ ਰਿਹਾ ਭਰਵਾ ਹੁੰਗਾਰਾ : ਸਿਹਤ ਮੰਤਰੀ ਬਲਬੀਰ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ, 21 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੇਟਗੁਰੂ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੀ ਨੀਅਤ ਅਤੇ ਨੀਤੀ ਸਾਫ ਹੋਣ ਕਰਕੇ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਨੂੰ ਆਮ ਲੋਕਾਂ ਨੂੰ ਭਰਵਾ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ 'ਯੁੱਧ ਨਸ਼ਿਆ ਵਿਰੁੱਧ' ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ ਦੀ ਕੀਤੀ ਗਈ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋਂ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ, ਮੇਅਰ ਪਦਮਜੀਤ ਮਹਿਤਾ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ ਜਤਿੰਦਰ ਸਿੰਘ ਭੱਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਦੌਰਾਨ ਸਿਹਤ ਮੰਤਰੀ ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਬਿਹਤਰ ਜਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਉ ਕੇਂਦਰਾਂ 'ਚ ਸਕਿੱਲ ਡਿਵੈਲਪਮੈਂਟ ਕੋਰਸ ਤੋਂ ਇਲਾਵਾ ਯੋਗਾ ਕਲਾਸਾਂ ਅਤੇ ਖੇਡ ਗਤੀਵਿਧੀਆਂ ਕਰਵਾਉਣ ਨੂੰ ਮੁੱਖ ਤਰਜੀਹ ਦਿੱਤੀ ਜਾਵੇ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਜ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਦੇ ਪੱਧਰ ਤੋਂ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ।ਕੈਬਨਿਟ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਲਾਇਬ੍ਰੇਰੀਆਂ, ਖੇਡ ਮੈਦਾਨ, ਜਿੰਮ ਤੇ ਪਾਰਕ ਬਣਾਏ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਆਮ ਲੋਕਾਂ ਸਾਫ ਅਤੇ ਸ਼ੁੱਧ ਖਾਣ ਲਈ ਪ੍ਰੇਰਿਤ ਕਰਨ। ਉਨ੍ਹਾਂ ਡਰੱਗ ਇੰਸਪੈਕਟਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਸ਼ੱਕੀ ਕੈਮਿਸਟ ਦੀਆਂ ਦੁਕਾਨਾਂ 'ਤੇ ਪੂਰਨ ਨਜ਼ਰਸਾਨੀ ਰੱਖਣ ਤਾਂ ਜੋ ਕੋਈ ਵੀ ਕੈਮਿਸਟ ਨਸ਼ੀਲੀਆਂ ਵਸਤਾਂ ਦਾ ਵਿਕਰੀ ਨਾ ਕਰ ਸਕੇ।ਇਸ ਮੌਕੇ ਸਿਹਤ ਮੰਤਰੀ ਬਲਬੀਰ ਸਿੰਘ ਨੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਉਜਾਲੇ ਵੱਲ ਲੈ ਕੇ ਜਾਣਾ ਅਤੇ ਉਨ੍ਹਾਂ ਨੂੰ ਆਪਣੇ ਪੈਰਾ ਸਿਰ ਖੜ੍ਹੇ ਕਰਨਾ ਸੂਬਾ ਸਰਕਾਰ ਦੀ ਮੁੱਖ ਤਰਜੀਰ ਹੈ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਆਮ ਲੋਕਾਂ ਦਾ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਵਿੱਚ ਵਿਸ਼ਵਾਸ ਵੱਧ ਰਿਹਾ ਹੈ ਅਤੇ ਸਰਕਾਰ ਵਲੋਂ ਨਸ਼ਾ ਤਸਕਰਾਂ 'ਤੇ ਸ਼ਖਤ ਨਜ਼ਰਸਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਇਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਬਾਰਡਰ ਏਰੀਆਂ ਚੋਂ 70 ਫੀਸਦੀ ਨਸ਼ੀਲੀਆਂ ਵਸਤਾਂ ਵਾਲੇ ਡਰੋਨ ਦੀਆਂ ਗਤੀਵਿਧੀਆਂ ਘਟੀਆਂ ਹਨ। ਇਸ ਦੌਰਾਨ ਉਨ੍ਹਾਂ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਐਨਰਜੀ ਡਰਿੰਕ ਸਿਹਤ ਲਈ ਬਹੁਤ ਹਾਨੀਕਾਰਕ ਹੈ ਜਿਸ ਨੂੰ ਸੂਬੇ ਦੇ ਸਕੂਲਾਂ ਵਿੱਚ ਪੂਰਨ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ।ਕੈਬਨਿਟ ਮੰਤਰੀ ਬਲਬੀਰ ਸਿੰਘ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਨਸ਼ੇ ਤੋਂ ਪੀੜਤਾਂ ਦਾ ਸਰਕਾਰ ਵੱਲੋਂ ਮੁਫ਼ਤ ਇਲਾਜ ਕੀਤਾ ਜਾਵੇਗਾ ਪਰ ਨਸ਼ੇ ਦੀ ਤਸਕਰੀ ਵਿਚ ਲੱਗੇ ਲੋਕਾਂ ਨਾਲ ਕਾਨੂੰਨ ਕਰੜੇ ਹੱਥੀ ਨੱਜੀਠੇਗਾ ਅਤੇ ਅਜਿਹੇ ਲੋਕ ਆਪਣੇ ਅੰਤਿਮ ਮੁਕਾਮ ਜੇਲ੍ਹ ਜਾਣ ਲਈ ਤਿਆਰ ਰਹਿਣ। ਉਨ੍ਹਾਂ ਨੇ ਕਿਹਾ ਕਿ ਨਸ਼ਾ ਮੁਕਤ ਤੇ ਸਿਹਤ ਮੰਦ ਸਮਾਜ ਹੀ ਰੰਗਲੇ ਪੰਜਾਬ ਦੀ ਤਰੱਕੀ ਦਾ ਅਧਾਰ ਬਣੇਗਾ। ਬਲਬੀਰ ਸਿੰਘ ਨੇ ਕਿਹਾ ਕਿ ਨਸ਼ੇ ਦੀ ਸਪਲਾਈ ਲਾਈਨ ਟੁੱਟੀ ਹੈ, ਜਿਸ ਕਾਰਨ ਪੀੜਤ ਇਲਾਜ ਲਈ ਨਸ਼ਾ ਮੁਕਤੀ ਕੇਂਦਰਾਂ ਤੇ ਆ ਰਹੇ ਹਨ ਅਤੇ ਪਹਿਲਾਂ ਦੇ ਮੁਕਾਬਲੇ ਇਹ ਗਿਣਤੀ ਵੱਧਣ ਲੱਗੀ ਹੈ। ਇਸ ਲਈ ਸਰਕਾਰ ਵੱਲੋਂ ਰਾਜ ਵਿਚ ਨਸ਼ਾ ਮੁਕਤੀ ਕੇਂਦਰਾਂ ਅਤੇ ਪੁਨਰਵਾਸ ਕੇਂਦਰਾਂ ਵਿਚ ਬਿਸਤਰਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਇਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਹੋਰ ਸਮੁੱਚੇ ਸਟਾਫ ਦੀ ਜਲਦ ਭਰਤੀ ਕੀਤੀ ਜਾਵੇਗੀ। ਇਸ ਦੌਰਾਨ ਕਮਿਸ਼ਨਰ ਨਗਰ ਨਿਗਮ ਸ਼੍ਰੀ ਅਜੈ ਅਰੋੜਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਰਿੰਦਰ ਸਿੰਘ, ਮੁੱਖ ਮੰਤਰੀ ਦਫਤਰ ਦੇ ਖੇਤਰੀ ਫੀਲਡ ਅਫਸਰ ਰਮਨਜੀਤ ਸਿੰਘ, ਕੌਂਸਲਰ ਸੁਖਦੀਪ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਸ਼ਿਵ ਕੁਮਾਰ ਬਟਾਲਵੀ ਔਰਗਨਾਈਜ਼ੇਸ਼ਨ, ਯੂ.ਕੇ. ਵੱਲੋਂ 'ਇੱਕ ਸੁਨਹਿਰੀ ਸ਼ਾਮ, ਸ਼ਿਵ ਕੁਮਾਰ ਬਟਾਲਵੀ ਦੇ ਨਾਮ' ਆਯੋਜਿਤ ਕੀਤੀ ਗਈ

## *ਸ਼ਿਵ ਬਟਾਲਵੀ ਦੀ ਪੰਜਾਵੀਂ ਬਰਸੀ ਸੰਗੀਤਕ ਸ਼ਾਮ ਵਜੋਂ ਮਨਾਈ*

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com



ਫਿਲੌਰ/ਅੱਪਰਾ (ਦੀਪਾ)- ਹੇਜ਼(ਇੰਗਲੈਂਡ) ਸਾਊਥਾਲ ਦੇ ਮੇਲ ਗੋਲ ਹਾਲ, ਖ਼ਾਲਸਾ ਸਕੂਲ ਵਿੱਚ ਸ਼ਿਵ ਕੁਮਾਰ ਬਟਾਲਵੀ ਔਰਗਨਾਈਜ਼ੇਸ਼ਨ, ਯੂ.ਕੇ. ਵੱਲੋਂ 'ਇੱਕ ਸੁਨਹਿਰੀ ਸ਼ਾਮ, ਸ਼ਿਵ ਕੁਮਾਰ ਬਟਾਲਵੀ ਦੇ ਨਾਮ' ਹੇਠ ਸ਼ਿਵ ਕੁਮਾਰ ਬਟਾਲਵੀ ਦੀ ਪੰਜ੍ਹਾਵੀਂ ਬਰਸੀ ਹਰ ਸਾਲ ਦੀ ਤਰ੍ਹਾਂ ਮਨਾਈ ਗਈ। ਯਾਦ ਰਹੇ ਕਿ ਇਹ 28ਵੀਂ ਬਰਸੀ ਸੀ।

ਸ. ਤਲਵਿੰਦਰ ਸਿੰਘ ਢਿੱਲੋਂ, ਚੇਅਰਮੈਨ-ਸ਼ਿਵ ਕੁਮਾਰ ਬਟਾਲਵੀ ਔਰਗਨਾਈਜ਼ੇਸ਼ਨ, ਯੂ.ਕੇ. ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਹ ਸਮਾਗਮ ਹਰੇਕ ਸਾਲ ਕਰਵਾਇਆ ਜਾਂਦਾ ਹੈ ਅਤੇ ਖ਼ਾਸ ਖ਼ੇਤਰਾਂ ਵਿੱਚ ਵਧੀਆ ਕੰਮ ਕਰਨ ਵਾਲੀਆਂ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।ਸ. ਤਲਵਿੰਦਰ ਸਿੰਘ ਢਿੱਲੋਂ ਹਮੇਸ਼ਾ ਹੀ ਆਪਣੀ ਸ਼ਾਇਰੀ ਅਤੇ ਗੱਲਾਂਬਾਤਾਂ ਰਾਹੀਂ ਪੰਜਾਬੀ ਮਾਂ ਬੋਲੀ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੇ ਰਹਿੰਦੇ ਹਨ ਅਤੇ ਮੇਲੇ ਕਰਵਾ ਕੇ ਪੰਜਾਬੀ ਲਈ ਕੁਝ ਨਾ ਕੁਝ ਯੋਗਦਾਨ ਪਾਉਣ ਲਈ ਤੱਤਪਰ ਰਹਿੰਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ' ਮੇਲਿਆਂ ਵਾਲਾ ਢਿੱਲੋਂ' ਵੀ ਕਿਹਾ ਜਾਂਦਾ ਹੈ।

ਸਮਾਗਮ ਵਿੱਚ ਈਲਿੰਗ ਕੌਂਸਲ ਦੇ ਮੇਅਰ ਮਹਿੰਦਰ ਕੌਰ ਮਿੱਢਾ ਅਤੇ ਉਨ੍ਹਾਂ ਦੇ ਜੀਵਨ ਸਾਥੀ ਮਿ. ਮਿੱਢਾ, ਲੰਡਨ ਪਾਰਲੀਮੈਂਟ ਤੋਂ ਵਰਿੰਦਰ ਸ਼ਰਮਾ ਜੀ ਅਤੇ ਬਾਰਕਲੇ ਬੈਂਕ ਤੋਂ ਗੁਰਪ੍ਰੀਤ ਕੌਰ ਜੀ ਮੁੱਖ ਮਹਿਮਾਨ ਵਜੋਂ ਪਹੁੰਚੇ।

ਮਿਸਿਜ਼ ਮਿੱਢਾ ਜੀ ਨੇ ਇਸ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਹਰ ਇੱਕ ਨੂੰ ਜ਼ਿੰਦਗੀ ਵਿੱਚ ਕੁਝ ਨਾ ਕੁਝ ਵਧੀਆ ਕਾਰਜ ਕਰਨ ਲਈ ਹੱਲਾਸ਼ੇਰੀ ਦਿੱਤੀ। ਵੀਰਾਂ ਨੂੰ ਆਪਣੀਆਂ ਤਰੱਕੀ ਕਰ ਰਹੀਆਂ ਬੇਟੀਆਂ, ਮਾਵਾਂ, ਭੈਣਾਂ ਅਤੇ ਪਤਨੀਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਨ ਲਈ ਪ੍ਰੇਰਿਆ।

ਇਸ ਮੌਕੇ ਪ੍ਰੋ. ਡਾ. ਜ਼ਮੀਰਪਾਲ ਕੌਰ ਪੰਜਾਬ ਤੋਂ ਖ਼ਾਸ ਸੱਦੇ 'ਤੇ ਪਹੁੰਚੇ। ਜਿਨ੍ਹਾਂ ਨੂੰ ਸੰਸਥਾ ਵੱਲੋਂ ਇਨ੍ਹਾਂ ਦੀਆਂ ਕਈ ਭਾਸ਼ਾਵਾਂ ਵਿੱਚ ਪ੍ਰਾਪਤੀਆਂ ਕਰਕੇ 'ਸ਼ਿਵ ਕੁਮਾਰ ਬਟਾਲਵੀ ਅਵਾਰਡ' ਨਾਲ ਨਿਵਾਜਿਆ ਗਿਆ। ਇਹ ਅਵਾਰਡ ਇਨ੍ਹਾਂ ਨੂੰ ਮਿਸਿਜ਼ ਮਿੱਢਾ ਜੀ ਦੇ ਹੱਥੋਂ ਦਿੱਤਾ ਗਿਆ।

ਪੰਜਾਬੀ ਕਵਿੱਤਰੀਆਂ ਦਲਵੀਰ ਕੌਰ ਅਤੇ ਗੁਰਮੇਲ ਕੌਰ ਸੰਘਾ ਨੇ ਵੀ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਦਲਵੀਰ ਕੌਰ ਦਾ ਕਾਵਿ ਸੰਗ੍ਰਿਹ 'ਚਿਤਵਣੀ' ਰਿਲੀਜ਼ ਕੀਤਾ ਗਿਆ। ਗੁਰਮੇਲ ਕੌਰ ਸੰਘਾ ਨੇ ਆਪਣਾ ਲਿਖਿਆ ਅਤੇ ਗਾ ਕੇ ਰਿਕਾਰਡ ਕਰਵਾਇਆ ਗੀਤ 'ਮਾਵਾਂ ਯਾਦ ਆਉਂਦੀਆਂ' ਗਾ ਕੇ ਆਪਣੀ ਹਾਜ਼ਰੀ ਲਵਾਈ।

ਗਾਇਕਾਂ ਅਤੇ ਗਾਇਕਾਵਾਂ ਵਿੱਚ ਕੁਲਵਿੰਦਰ ਕਿੰਦਾ ਨੇ ਆਪਣੀ ਸੁਰੀਲੀ ਗਾਇਕੀ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੇ ਨਾਲ ਹੀ ਰਵੀ ਮਹਿਰਾ,ਮਨੀ ਕਮਲ, ਜਸ ਨੂਰ, ਮਹਿਕ ਜਮਾਲ, ਪ੍ਰੇਮ ਚਮਕੀਲਾ, ਦੀਪ ਹਰਦੀਪ ਅਤੇ ਸੈਮੀ ਪ੍ਰੀਆ ਨੇ ਆਪਣੇ ਆਪਣੇ ਗੀਤ ਗਾ ਕੇ ਹਾਜ਼ਰੀ ਭਰੀ ਅਤੇ ਸਨਮਾਨ ਪ੍ਰਾਪਤ ਕੀਤਾ।

ਇਸ ਸਮਾਗਮ ਵਿੱਚ ਕੁਲਵਿੰਦਰ ਪੌਲ-ਕੂਲ ਕੇਕ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਵਧੀਆ ਅਤੇ ਸਵਾਦਿਸ਼ਟ ਕੇਕ ਮਹਿਮਾਨਾਂ ਵਾਸਤੇ ਲਿਆਂਦਾ। ਸਭ ਨੇ ਕੇਕ ਖਾਧਾ ਅਤੇ ਸਲਾਹਿਆ।

ਇੰਦਰਜੀਤ ਸਿੰਘ ਲੰਡਨ ਅਤੇ ਹੀਰਾ ਸਿੰਘ ਵੀ ਖ਼ਾਸ ਤੌਰ 'ਤੇ ਪਹੁੰਚੇ॥

ਇਨ੍ਹਾਂ ਤੋਂ ਇਲਾਵਾ ਸ਼ਰਨਜੀਤ ਸਿੰਘ ਮਰੋਕ, ਲੱਕੀ, ਜੋਗਾ ਸੁੰਘ, ਪਨੇਸਰ, ਅਵਤਾਰ ਭੋਗਲ, ਕੇਸਰ ਸਿੰਘ ਧਾਲੀਵਾਲ, ਧੰਨ ਜੇ ਕੰਨਸਟ੍ਰੱਕਸ਼ਨ, ਬਿੰਦੂ ਭਾਜੀ, ਚੰਨਪ੍ਰੀਤ ਸਿੰਘ, ਰਵੀ ਬੋਲੀਨਾ ਫ਼ੋਟੋਗਰਾਫ਼ਰ, ਮਲਕੀਤ ਸਿੰਘ, ਦਲੀਪ ਭਾਜੀ-ਮੋਤੀ ਮਹਿਲ, ਸੁਰਿੰਦਰ ਸਿੰਘ ਸੋਹਲ, ਪੀ. ਐਸ. ਸੰਘਾ, ਰਾਜਾ ਢੇਲੀ ਅਤੇ ਪ੍ਰਭਪ੍ਰੀਤ ਸਿੰਘ ਆਦਿ ਨਾਂ ਵਰਨਣਯੋਗ ਹਨ। ਸਟੇਜ ਦੀ ਸੇਵਾ ਤਲਵਿੰਦਰ ਸਿੰਘ ਢਿੱਲੋਂ ਵੱਲੋਂ ਬਾਖ਼ੂਬੀ ਨਿਭਾਈ ਗਈ ਅਤੇ ਆਪਣੀ ਸ਼ਾਇਰੀ ਅਤੇ ਸ਼ੁਗਲ ਵਾਲੀਆਂ ਗੱਲਾਂਬਾਤਾਂ ਨਾਲ ਦਰਸ਼ਕਾਂ ਦਾ ਦਿਲ ਲਾਈ ਰੱਖਿਆ। ਲੰਗਰ ਵੀ ਅਤੁੱਟ ਵਰਤਿਆ।

# ਮਿੱਠੀਆਂ ਤੇ ਮਨਮੋਹਕ ਨਜ਼ਮਾਂ ਭਰਪੂਰ ਰਿਹਾ ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਇਆ ਪੰਜਾਬੀ ਕਵੀ ਦਰਬਾਰ - ਸੂਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ
INTERNATIONAL PAPER, 9463601616
hardipchumber57@gmail.com



ਫ਼ਗਵਾੜਾ 21 ਅਪ੍ਰੈਲ (ਸ਼ਿਵ ਕੌੜਾ) ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 20 ਅਪ੍ਰੈਲ 2025 ਦਿਨ ਐਤਵਾਰ ਨੂੰ ਲਾਈਵ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਇੰਜੀ ਸਤਨਾਮ ਸਿੰਘ ਮੱਟੂ,ਬੀਂਬੜ, ਡਾ.ਦਵਿੰਦਰ ਖੁਸ਼ ਧਾਲੀਵਾਲ, ਤੇਜੀ ਅੰਜਲਾ, ਸ਼ਮਸ਼ੇਰ ਸਿੰਘ ਮੱਲ੍ਹੀ, ਗੀਤਕਾਰ ਬਲਦੇਵ ਇਕਵੰਨ ਸ਼ਾਮਿਲ ਹੋਏ। ਕਵੀ ਬਖਸ਼ੀਸ਼ ਸਿੰਘ ਸਿੱਧੂ ਨੈੱਟਵਰਕ ਦੀ ਦਿੱਕਤ ਕਰਕੇ ਕਵੀ ਦਰਬਾਰ ਵਿੱਚ ਸ਼ਾਮਿਲ ਨਹੀਂ ਹੋ ਸਕੇ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਸ਼ਮਸ਼ੇਰ ਸਿੰਘ ਮੱਲ੍ਹੀ ਨੇ ਬਾ-ਕਮਾਲ ਕਵਿਤਾਵਾਂ ਪੇਸ਼ ਕੀਤੀਆਂ ਅਤੇ ਤੇਜੀ ਅੰਜਲਾ ਨੇ ਸ਼ਾਨਦਾਰ ਕਵਿਤਾਵਾਂ ਪੇਸ਼ ਕੀਤੀਆਂ। ਡਾ.ਦਵਿੰਦਰ ਖੁਸ਼ ਧਾਲੀਵਾਲ ਨੇ ਵੀ ਭਾਵੁਕ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਇੰਜੀ ਸਤਨਾਮ ਸਿੰਘ ਮੱਟੂ,ਬੀਂਬੜ ਨੇ ਵੀ ਸਕੂਨ ਭਰਪੂਰ ਗੀਤਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਗੀਤਕਾਰ ਬਲਦੇਵ ਇਕਵੰਨ ਨੇ ਬਹੁਤ ਸੋਧ ਵਰਧਕ ਗੀਤਾਂ ਨਾਲ ਹਾਜ਼ਰੀ ਭਰੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਰੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਸੰਚਾਲਕ ਸੂਦ ਵਿਰਕ ਨੇ ਅਖ਼ੀਰ ਵਿੱਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦਾ ਸੁਨੇਹਾ ਵੀ ਦਿੱਤਾ

# ਸੰਯੁਕਤ ਕਿਸਾਨ ਮੋਰਚੇ ਵੱਲੋਂ 20 ਮਈ ਨੂੰ ਮਜ਼ਦੂਰਾਂ ਦੀ ਕੁੱਲ ਹਿੰਦ ਆਮ ਹੜਤਾਲ ਦਾ ਸਮਰਥਨ

- ਕਿਸਾਨ ਤਹਿਸੀਲ ਪੱਧਰੀ ਵਿਸ਼ਾਲ ਵਿਰੋਧ ਪ੍ਰਦਰਸ਼ਨ ਕਰਨਗੇ
- ਭਾਰਤ 'ਤੇ ਅਣਉਚਿਤ ਵਪਾਰ ਸ਼ਰਤਾਂ ਲਗਾਉਣ ਵਿਰੁੱਧ ਕਿਸਾਨਾਂ ਨੂੰ 21-23 ਅਪ੍ਰੈਲ ਨੂੰ ਡੋਨਾਲਡ ਟਰੰਪ, ਜੇਡੀ ਵੈਂਸ, ਨਰਿੰਦਰ ਮੋਦੀ ਦੇ ਪੁਤਲੇ ਸਾੜਨ ਦਾ ਸੱਦਾ
- ਐੱਸਕੇਐੱਮ ਪ੍ਰਦਰਸ਼ਨਕਾਰੀ ਕਿਸਾਨਾਂ 'ਤੇ ਦਮਨ ਕਰਨ ਲਈ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਖ਼ਤ ਨਿੰਦਾ ਕਰਦਾ ਹੈ
- ਕਿਸਾਨ ਅਮਰੀਕੀ ਖੇਤੀਬਾੜੀ ਉਪਜਾਂ ਨੂੰ ਡੰਪ ਕਰਨ ਵਿਰੁੱਧ ਸੰਘਰਸ਼ ਨੂੰ ਤੇਜ਼ ਕਰਨਗੇ; ਕਾਰਪੋਰੇਟ ਨਿਯੰਤਰਿਤ ਮਾਰਕੀਟਿੰਗ ਨੀਤੀ ਲਾਗੂ ਕਰਨਾ
- ਐੱਸਕੇਐੱਮ ਬਿਹਾਰ ਵਿੱਚ 10 ਮਹਾਂਪੰਚਾਇਤਾਂ ਕਰੇਗਾ ਤਾਂ ਜੋ ਆਉਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ ਵਿਰੋਧੀ ਭਾਜਪਾ ਨੂੰ ਸਜ਼ਾ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ ਜਾ ਸਕੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ/ਨਵੀਂ ਦਿੱਲੀ, 21 ਅਪ੍ਰੈਲ, 2025: ਸੰਯੁਕਤ ਕਿਸਾਨ ਮੋਰਚੇ ਦੀ ਜਨਰਲ ਬਾਡੀ ਦੀ ਕੱਲ੍ਹ ਨਵੀਂ ਦਿੱਲੀ ਵਿਖੇ ਮੀਟਿੰਗ ਹੋਈ, ਜਿਸ ਵਿੱਚ ਭਾਰਤ ਭਰ ਦੇ ਡੈਲੀਗੇਟਾਂ ਨੇ 20 ਮਈ 2025 ਨੂੰ ਕੇਂਦਰੀ ਟਰੇਡ ਯੂਨੀਅਨਾਂ (CTU) ਦੁਆਰਾ ਕਾਰਪੋਰੇਟ ਪੱਖੀ 4 ਕਿਰਤ ਕੋਡਾਂ ਅਤੇ ਨਿੱਜੀਕਰਨ ਸਮੇਤ ਹੋਰ ਮੰਗਾਂ ਦੇ ਵਿਰੁੱਧ ਬੁਲਾਈ ਗਈ ਕੁੱਲ ਹਿੰਦ ਮਜ਼ਦੂਰਾਂ ਦੀ ਆਮ ਹੜਤਾਲ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ। ਐੱਸਕੇਐੱਮ ਭਾਰਤ ਭਰ ਦੇ ਕਿਸਾਨਾਂ ਅਤੇ ਖੇਤੀਬਾੜੀ ਕਾਮਿਆਂ ਨੂੰ ਆਮ ਹੜਤਾਲ ਦਾ ਪੂਰਾ ਸਮਰਥਨ ਕਰਨ ਅਤੇ ਤਹਿਸੀਲ ਪੱਧਰੀ ਵਿਰੋਧ ਪ੍ਰਦਰਸ਼ਨ ਕਰਨ ਲਈ ਵਿਸ਼ਾਲ ਰੈਲੀ ਕਰਨ ਦਾ ਸੱਦਾ ਦਿੰਦਾ ਹੈ। ਇਹ ਵਿਸ਼ਾਲ ਵਿਰੋਧ ਪ੍ਰਦਰਸ਼ਨ ਕਿਸਾਨਾਂ ਦੀਆਂ ਮੰਗਾਂ 'ਤੇ ਸੁਤੰਤਰ ਤੌਰ 'ਤੇ ਕੀਤੇ ਜਾਣਗੇ ਅਤੇ ਨਾਲ ਹੀ ਉਨ੍ਹਾਂ ਦੀਆਂ ਮੰਗਾਂ ਦੇ ਸਮਰਥਨ ਵਿੱਚ ਮਜ਼ਦੂਰਾਂ ਨਾਲ ਤਾਲਮੇਲ ਵਿੱਚ ਕੀਤੇ ਜਾਣਗੇ। ਵਿਰੋਧ ਪ੍ਰਦਰਸ਼ਨਾਂ ਦੇ ਰੂਪ ਸਥਾਨਕ ਪੱਧਰ 'ਤੇ ਤੈਅ ਕੀਤੇ ਜਾਣਗੇ।

ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕਰਨ ਤੋਂ ਇਲਾਵਾ, ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਖਰੀਦ ਦੇ ਨਾਲ MSP@ C2+50%, ਕਰਜ਼ਾ ਮੁਆਫੀ, ਐਨਪੀਐਫਏਐੱਮ (NP-FAM) ਨੂੰ ਵਾਪਸ ਲੈਣਾ, ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਰਾਹੀਂ ਅਮਰੀਕੀ ਸਾਮਰਾਜਵਾਦ ਅੱਗੇ ਕਿਸਾਨਾਂ ਦੇ ਹਿੱਤਾਂ ਨੂੰ ਨਾ ਸੌਂਪਣਾ, ਮਨਰੇਗਾ ਵਿੱਚ 200 ਦਿਨਾਂ ਦਾ ਕੰਮ ਅਤੇ 600 ਰੁਪਏ ਰੋਜ਼ਾਨਾ ਉਜਰਤ, ਘੱਟੋ-ਘੱਟ ਉਜਰਤ, ਸਮਾਜਿਕ ਸੁਰੱਖਿਆ ਅਤੇ ਖੇਤੀਬਾੜੀ ਕਾਮਿਆਂ ਲਈ 10000 ਰੁਪਏ ਮਹੀਨਾਵਾਰ ਪੈਨਸ਼ਨ, ਸਕੀਮ ਵਰਕਰਾਂ ਦਾ ਰਸਮੀਕਰਨ, ਪ੍ਰਵਾਸੀ ਕਾਮਿਆਂ ਅਤੇ ਕਿਰਾਏਦਾਰ ਕਿਸਾਨਾਂ ਦੇ ਅਧਿਕਾਰਾਂ ਸਮੇਤ ਮੰਗਾਂ ਦਾ



ਪ੍ਰਚਾਰ ਕੀਤਾ ਜਾਵੇਗਾ।

ਜਨਰਲ ਬਾਡੀ ਨੇ ਮੋਦੀ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਕਿ ਉਹ 4 ਕਿਰਤ ਕੋਡ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜੋ ਮਜ਼ਦੂਰਾਂ ਦੇ ਘੱਟੋ-ਘੱਟ ਉਜਰਤ ਪ੍ਰਾਪਤ ਕਰਨ ਦੇ ਅਧਿਕਾਰ, 8 ਘੰਟੇ ਕੰਮ ਕਰਨ ਦੇ ਅਧਿਕਾਰ, ਯੂਨੀਅਨਾਂ ਬਣਾਉਣ ਦੇ ਅਧਿਕਾਰ, ਕਿਰਤ ਭਲਾਈ ਅਤੇ ਰੁਜ਼ਗਾਰਦਾਤਾਵਾਂ ਨੂੰ ਉਨ੍ਹਾਂ ਨੌਕਰੀਆਂ ਵਿੱਚ ਮਜ਼ਦੂਰਾਂ ਨੂੰ ਨਿਯੁਕਤ ਕਰਨ ਦੀ ਆਗਿਆ ਦੇ ਕੇ ਕਾਰਜਬਲ ਦੇ ਗੈਰ-ਰਸਮੀਕਰਨ ਨੂੰ ਉਤਸ਼ਾਹਿਤ ਕਰਦੇ ਹਨ ਜੋ ਅਕਸਰ ਆਮ ਹੁੰਦੀਆਂ ਹਨ, ਨੌਕਰੀ ਦੀ ਸੁਰੱਖਿਆ ਦੀ ਘਾਟ ਹੁੰਦੀ ਹੈ ਅਤੇ ਸਿਹਤ ਬੀਮਾ ਅਤੇ ਰਿਟਾਇਰਮੈਂਟ ਯੋਜਨਾ ਵਰਗੇ ਲਾਭਾਂ ਤੋਂ ਬਿਨਾਂ ਹੁੰਦੀਆਂ ਹਨ।

4 ਕਿਰਤ ਕੋਡ ਭਰਤੀ ਅਤੇ ਬਰਖਾਸਤਗੀ ਨੀਤੀ ਦੇ ਅਧਾਰ ਤੇ ਠੇਕਾ ਮਜ਼ਦੂਰੀ ਨੂੰ ਕਾਨੂੰਨੀ ਮਾਨਤਾ ਦਿੰਦੇ ਹਨ। ਇੱਕ ਵਾਰ ਕਿਰਤ ਕੋਡ ਲਾਗੂ ਹੋ ਜਾਣ ਤੋਂ ਬਾਅਦ ਇਹ ਨਾ ਸਿਰਫ਼ ਮੌਜੂਦਾ ਕਾਰਜਬਲ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਸਾਰੇ ਖੇਤਰਾਂ ਵਿੱਚ ਮਜ਼ਦੂਰਾਂ ਦੀ ਪੂਰੀ ਨਵੀਂ ਪੀੜ੍ਹੀ ਨੂੰ ਪ੍ਰਭਾਵਿਤ ਕਰੇਗਾ। ਇਹ ਕਰੋੜਾਂ ਉਦਯੋਗਿਕ ਅਤੇ ਸੇਵਾ ਖੇਤਰ ਦੇ ਕਾਮਿਆਂ ਦੀ ਸਿਹਤ ਅਤੇ ਬਚਾਅ 'ਤੇ ਅਣਗਿਣਤ ਆਫ਼ਤ ਲਿਆਏਗਾ ਜੋ ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨ ਪਰਿਵਾਰਾਂ ਤੋਂ ਪ੍ਰਵਾਸੀ ਹਨ। ਕਿਸਾਨ ਪਰਿਵਾਰਾਂ ਦੇ ਨੌਜਵਾਨ ਸਮਾਜਿਕ ਸੁਰੱਖਿਆ ਅਤੇ ਰਿਟਾਇਰਮੈਂਟ ਲਾਭਾਂ ਦੇ ਨਾਲ ਰਸਮੀ ਰੁਜ਼ਗਾਰ ਤੱਕ ਪਹੁੰਚ ਕਰਨ ਦੀ ਇੱਛਾ ਨਹੀਂ ਕਰ ਸਕਦੇ। ਐੱਸਕੇਐੱਮ 4 ਕਿਰਤ ਕੋਡਾਂ ਦੇ ਖ਼ਤਰੇ ਅਤੇ ਕਾਰਪੋਰੇਟ ਤਾਕਤਾਂ ਦੇ ਸਾਹਮਣੇ ਆਰਐਸਐਸ-ਬੀਜੇਪੀ ਗੱਠਜੋੜ ਦੇ ਘਿਣਾਉਣੇ ਸਮਰਪਣ ਬਾਰੇ ਕਿਸਾਨਾਂ ਵਿੱਚ ਇੱਕ ਵਿਸ਼ੇਸ਼ ਮੁਹਿੰਮ ਚਲਾਏਗਾ।

ਐੱਸਕੇਐੱਮ ਜਨਰਲ ਬਾਡੀ ਨੇ 5 ਮਾਰਚ ਤੋਂ ਚੰਡੀਗੜ੍ਹ ਵਿੱਚ ਕੀਤੇ ਗਏ ਧਰਨੇ ਦੌਰਾਨ ਅਤੇ 19 ਮਾਰਚ ਨੂੰ ਖਨੌਰੀ ਅਤੇ ਸ਼ੰਭੂ ਸਰਹੱਦਾਂ 'ਤੇ ਅੰਦੋਲਨਕਾਰੀ ਕਿਸਾਨਾਂ 'ਤੇ ਦਮਨ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਸਖ਼ਤ ਆਲੋਚਨਾ ਕੀਤੀ, ਜਦੋਂ ਕਿ ਆਪ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਐਸਕੇਐਮ ਐਨਪੀ ਅਤੇ ਕੇਐਮਐਮ ਨਾਲ ਗੱਲਬਾਤ ਖਤਮ ਕਰ ਦਿੱਤੀ ਗਈ ਸੀ। ਇਹ ਆਪ ਸਰਕਾਰ ਦੇ ਬਦਸੂਰਤ ਕਿਸਾਨ ਵਿਰੋਧੀ ਚਿਹਰੇ ਅਤੇ ਕਾਰਪੋਰੇਟ ਲੁੱਟ, ਐਮਐਨਸੀ ਕਿਸਾਨਾਂ ਦੀ ਲੁੱਟ ਅਤੇ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇ ਹੁਕਮਾਂ ਅੱਗੇ ਇਸਦੀ ਘਿਨਾਉਣੀ ਸਮਰਪਣ ਨੂੰ ਦਰਸਾਉਂਦਾ ਹੈ।

ਜਨਰਲ ਬਾਡੀ ਨੇ ਨਿੱਜੀਕਰਨ ਅਤੇ ਪ੍ਰੀ-ਪੇਡ ਸਮਾਰਟ ਮੀਟਰਾਂ ਵਿਰੁੱਧ 26 ਜੂਨ 2025 ਨੂੰ ਬਿਜਲੀ ਖੇਤਰ ਦੇ ਕਾਮਿਆਂ ਦੀ ਹੜਤਾਲ ਦਾ ਸਮਰਥਨ ਕਰਨ ਅਤੇ ਇਕਜੁੱਟਤਾ ਵਧਾਉਣ ਦਾ ਵੀ ਫੈਸਲਾ ਕੀਤਾ। ਐਸਕੇਐਮ ਸਾਰੇ ਖਪਤਕਾਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੀ ਮੰਗ ਨੂੰ ਦੁਹਰਾਉਂਦਾ ਹੈ।

ਐੱਸਕੇਐੱਮ ਯੂਨਿਟਾਂ 21-23 ਅਪ੍ਰੈਲ 2025 ਦੇ ਵਿਚਕਾਰ ਟਰੰਪ, ਮੋਦੀ ਅਤੇ ਵੈਂਸ ਦੇ ਪੁਤਲੇ ਸਾੜਨਗੀਆਂ, ਜੋ ਕਿ ਅਮਰੀਕੀ ਕੋਸ਼ਿਸ਼ਾਂ ਦੇ ਵਿਰੁੱਧ ਹਨ ਕਿ ਮੋਦੀ ਸਰਕਾਰ ਨੂੰ ਅਣਉਚਿਤ ਵਪਾਰਕ ਸ਼ਰਤਾਂ ਲਾਗੂ ਕਰਨ ਅਤੇ ਭਾਰਤ ਵਿੱਚ ਅਮਰੀਕੀ ਖੇਤੀਬਾੜੀ ਉਤਪਾਦਾਂ ਨੂੰ ਸੁੱਟਣ ਲਈ ਮਜਬੂਰ ਕੀਤਾ ਜਾਵੇ। ਇਸਦਾ ਉਦੇਸ਼ ਅਮਰੀਕੀ ਫੂਡ ਚੇਨਾਂ, ਵਪਾਰਕ ਦਿੱਗਜਾਂ ਅਤੇ ਖੇਤੀਬਾੜੀ ਕਾਰੋਬਾਰੀ ਕਾਰਪੋਰੇਸ਼ਨਾਂ ਨੂੰ ਭਾਰਤ ਵਿੱਚ ਕੰਮ ਕਰਨ ਦੀ ਅਨਿਯੰਤ੍ਰਿਤ ਆਜ਼ਾਦੀ ਹੈ। ਭਾਰਤੀ ਬਾਜ਼ਾਰਾਂ ਵਿੱਚ ਬਹੁਤ ਜ਼ਿਆਦਾ ਸਬਸਿਡੀ ਵਾਲੇ ਦੁੱਧ ਅਤੇ ਦੁੱਧ ਉਤਪਾਦਾਂ, ਸੋਇਆਬੀਨ, ਕਪਾਹ, ਚੂਹੇ, ਕਣਕ, ਚੌਲ, ਦਾਲਾਂ, ਤੇਲ ਬੀਜ, ਝੋਨਾ, GM ਫਸਲਾਂ, ਫਲ ਅਤੇ ਸਬਜ਼ੀਆਂ, ਪ੍ਰੋਸੈਸਡ ਅਤੇ ਡੱਬਾਬੰਦ ਭੋਜਨ ਦੀ ਵੱਡੀ ਮਾਤਰਾ ਦਾ ਟੈਰਿਫ ਮੁਕਤ ਆਯਾਤ ਭਾਰਤੀ ਕਿਸਾਨੀ ਦੀ ਆਮਦਨ ਅਤੇ ਰੋਜ਼ੀ-ਰੋਟੀ ਨੂੰ ਤਬਾਹ ਕਰ ਦੇਵੇਗਾ। ਟਰੰਪ ਪ੍ਰਸ਼ਾਸਨ ਮੋਦੀ ਸਰਕਾਰ ਨੂੰ PDS ਭੋਜਨ ਵੰਡ ਨੂੰ ਬੰਦ ਕਰਨ ਅਤੇ ਬਾਲਣ ਅਤੇ ਖਾਦਾਂ 'ਤੇ ਕਿਸਾਨਾਂ ਲਈ ਸਾਰੀਆਂ ਸਬਸਿਡੀਆਂ ਵਾਪਸ ਲੈਣ ਲਈ ਮਜਬੂਰ ਕਰ ਰਿਹਾ ਹੈ। ਇਹ ਚਾਹੁੰਦਾ ਹੈ ਕਿ ਭਾਰਤ ਅਮਰੀਕੀ ਕੰਪਨੀਆਂ ਦੇ ਅਨੁਕੂਲ ਆਪਣੇ ਪੇਟੈਂਟ ਕਾਨੂੰਨਾਂ ਨੂੰ ਬਦਲੇ। ਇਹ ਬਦਲਾਅ ਭਾਰਤੀ ਕਿਸਾਨਾਂ ਦੀ ਆਜ਼ਾਦੀ ਨੂੰ ਖਤਮ ਕਰਨਗੇ ਅਤੇ ਭਾਰਤੀ ਲੋਕਾਂ ਦੀ ਭੋਜਨ ਸੁਰੱਖਿਆ 'ਤੇ ਵਿਨਾਸ਼ਕਾਰੀ ਪ੍ਰਭਾਵ ਪਾਉਣਗੇ।

ਜਨਰਲ ਬਾਡੀ ਨੇ ਨਵੰਬਰ 2025 ਵਿੱਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ ਵਿਰੋਧੀ ਭਾਜਪਾ ਅਤੇ ਐਨਡੀਏ ਨੂੰ ਸਜ਼ਾ ਦੇਣ ਲਈ ਲੋਕਾਂ ਵਿੱਚ ਪ੍ਰਚਾਰ ਕਰਨ ਲਈ ਬਿਹਾਰ ਵਿੱਚ ਇੱਕ ਖਾਸ ਮੁਹਿੰਮ ਪ੍ਰੋਗਰਾਮ ਸ਼ੁਰੂ ਕਰਨ ਅਤੇ 10 ਮਹਾਪੰਚਾਇਤਾਂ ਕਰਨ ਦਾ ਫੈਸਲਾ ਕੀਤਾ। ਐਸਕੇਐਮ ਦੀ ਆਲ ਇੰਡੀਆ ਲੀਡਰਸ਼ਿਪ ਇਸ ਮੁਹਿੰਮ ਵਿੱਚ ਸ਼ਾਮਲ ਹੋਵੇਗੀ।

ਜਨਰਲ ਬਾਡੀ ਨੇ ਸਾਰੀਆਂ ਰਾਜ ਇਕਾਈਆਂ ਨੂੰ ਐਨਪੀਐਫਏਐਮ, ਯੂਐਸ-ਭਾਰਤ ਦੁਵੱਲੇ ਵਪਾਰ ਸਮਝੌਤੇ ਅਤੇ ਬਿਜਲੀ ਨਿੱਜੀਕਰਨ ਦੇ ਪ੍ਰਭਾਵ ਨੂੰ ਸਮਝਾਉਣ ਲਈ ਜ਼ਿਲ੍ਹਿਆਂ ਵਿੱਚ ਕਨਵੈਨਸ਼ਨਾਂ ਅਤੇ ਮਹਾਪੰਚਾਇਤਾਂ ਕਰਨ ਦਾ ਸੱਦਾ ਦਿੱਤਾ ਹੈ ਅਤੇ 20 ਮਈ 2025 ਨੂੰ ਮਜ਼ਦੂਰਾਂ ਦੀ ਆਮ ਹੜਤਾਲ ਅਤੇ ਵਿਸ਼ਾਲ ਵਿਰੋਧ ਪ੍ਰਦਰਸ਼ਨਾਂ ਦੀ ਸਫਲਤਾ ਲਈ ਟਰੇਡ ਯੂਨੀਅਨਾਂ, ਖੇਤੀਬਾੜੀ ਮਜ਼ਦੂਰ ਯੂਨੀਅਨਾਂ ਅਤੇ ਮਨਰੇਗਾ ਵਰਕਰ ਯੂਨੀਅਨਾਂ ਨਾਲ ਤਾਲਮੇਲ ਕਰਨ ਦਾ ਵੀ ਸੱਦਾ ਦਿੱਤਾ ਹੈ।

ਜਨਰਲ ਬਾਡੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਨਾਟਕ ਤੋਂ ਹਨਨ ਮੁੱਲਾ, ਦਰਸ਼ਨ ਪਾਲ ਅਤੇ ਬਡਗਲਪੁਰ ਨਗੇਂਦਰ ਨੇ ਕੀਤੀ।

# ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਨ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ-(ਦੀਪਾ)-ਨਜ਼ਦੀਕੀ ਪਿੰਡ ਚੱਕ ਸਾਹਬੂ ਵਿਖ਼ੇ ਪ੍ਰਬੰਧਕਾਂ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਪਿੰਡ ਚੱਕ ਸਾਹਬੂ ਵਿਖ਼ੇ ਐਨ. ਆਰ. ਆਈ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 15 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮਦਿਨ ਭੀਮ ਦੀਵਾਨਿਆਂ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ , ਜਿਸ ਵਿੱਚ ਆਜ਼ਾਦ ਰੰਗ ਮੰਚ ਫਗਵਾੜਾ ਵਾਲਿਆਂ



ਵਲੋਂ " ਦਾ ਗ੍ਰੇਟ ਅੰਬੇਡਕਰ,, ਨਾਟਕ ਖੇਡਿਆ ਗਿਆ ਅਤੇ ਸਕੂਲ ਵਿੱਚ ਪੁਜੀਸ਼ਨ ਨਾਲ ਪਾਸ ਹੋਏ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ | ਪ੍ਰਬੰਧਕਾਂ ਵਲੋਂ ਬੋਲਦਿਆਂ ਕਿਹਾ ਗਿਆ ਉਂਝ ਤਾਂ ਭੀਮ ਦੀਵਾਨਿਆਂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮਦਿਨ ਹਰ ਸਾਲ ਮਨਾਇਆ ਜਾਦਾਂ ਹੈ, ਪਰ ਇਸ ਵਾਰ 2025 ਦਾ ਜਨਮਦਿਨ ਇਨਸਾਨੀਅਤ ਦੇ ਦੁਸ਼ਮਣ ਭਾਈਚਾਰੇ ਨੂੰ ਤੋੜਨ ਦੀ ਸਾਜਿਸ਼ ਰਚਨ ਵਾਲੇ ਦੇਸ਼ ਧ੍ਰੋਹੀ ਪੰਨੂ ਦੀ ਚਣੋਤੀ ਨੂੰ ਸਵੀਕਾਰ ਕਰਦਿਆਂ ਪੰਜਾਬ ਹੀ ਨਹੀਂ, ਭਾਰਤ ਹੀ ਨਹੀਂ,ਪੂਰੇ ਵਿਸ਼ਵ ਦੇ ਗਲੀਆਂ ਮਹੱਲਿਆ ਵਿੱਚ ਮਨਾਇਆ ਗਿਆ | ਇਸ ਮੌਕੇ ਸ. ਠਾਕਰ ਸਿੰਘ ਪੱਕਿਆਂ ਵਾਲੇ ਦੇ ਪੋਤਰੇ ਸ.ਅਮਰੀਕ ਸਿੰਘ ਸਹੋਤਾ ਨੇ ਇਕ ਇਮਾਰਤ ਬਣਾ ਕੇ ਡਾ.ਅੰਬੇਡਕਰ ਭਵਨ ਲਈ ਦਾਨ ਕੀਤੀ ਜਿਸ ਕਰਕੇ ਅਮਰੀਕ ਸਿੰਘ ਸਹੋਤਾ ਦਾ ਵਿਸ਼ੇਸ਼ ਸਨਮਾਨਿਤ ਕੀਤਾ ਗਿਆ | ਇਸ ਮੌਕੇ ਅਮਰੀਕ ਸਿੰਘ ਸਹੋਤਾ ਪੱਕਿਆਂ ਵਾਲੇ,ਮਾਸਟਰ ਪਿਆਰਾ ਲਾਲ, ਸਾਬਕਾ ਸਰਪੰਚ ਰਚਨਾਂ ਦੇਵੀ, ਸਰਪੰਚ ਸਿਮਰਜੀਤ ਕੌਰ ਸਹੋਤਾ, ਬਖਸ਼ੀਸ ਕੌਰ ਸਾਬਕਾ ਪੰਚ, ਦਲਵੀਰ ਕੌਰ ਪੰਚ, ਕੁਲਵਿੰਦਰ ਕੌਰ ਪੰਚ, ਕਮਲੇਸ਼ ਕੌਰ ਪੰਚ, ਤਰਸੇਮ ਲਾਲ ਪੰਚ, ਤੀਰਥ ਸਿੰਘ ਪੰਚ, ਕਮਲ ਕੁਮਾਰ ਸੰਧੂ, ਕੇਸਰ ਮੈਂਗੜ੍ਹਾ,ਰਕੇਸ਼ ਕੁਮਾਰ ਬੱਬੂ, ਸੋਮਪਾਲ ਮੈਂਗੜ੍ਹਾ, ਅਮਰਜੀਤ ਕਾਲਾ, ਦਿਨੇਸ਼ ਮੈਂਗੜ੍ਹਾ,ਵਿਜੇ ਪਾਲ ਸਾਬਕਾ ਏ. ਐਸ. ਆਈ, ਵਿੱਕੀ ਸੰਧੂ, ਬਲਵੀਰ ਬੱਲੀ, ਚਰਨਜੀਤ, ਰਾਮ ਲੁਭਾਇਆ ਹਾਜ਼ਿਰ ਸਨ

# 20000 ਰੁਪਏ ਰਿਸ਼ਵਤ ਲੈਂਦਾ ਪੰਚਾਇਤ ਸਕੱਤਰ Vigilance Bureau ਵੱਲੋਂ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਦੌਰਾਨ ਅੱਜ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ, ਬਰਨਾਲਾ ਵਿਖੇ ਤਾਇਨਾਤ ਪੰਚਾਇਤ ਸਕੱਤਰ ਗੁਰਮੇਲ ਸਿੰਘ ਨੂੰ 20,000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਟਿਆਲਾ ਦੇ ਇੱਕ ਠੇਕੇਦਾਰ ਵੱਲੋਂ ਦਰਜ



ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਸਨੇ ਸਾਲ 2023 ਵਿੱਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਫਤਿਹਗੜ੍ਹ ਛੰਨਾ ਵਿਖੇ ਪੰਚਾਇਤੀ ਜ਼ਮੀਨ 'ਤੇ 3,84,000 ਰੁਪਏ ਦੀ ਲਾਗਤ ਨਾਲ ਸੋਲਰ ਪੰਪ ਲਗਾਇਆ ਸੀ ਪਰ ਉਕਤ ਪੰਚਾਇਤ ਸਕੱਤਰ ਨੇ ਬਿੱਲਾਂ 'ਤੇ ਅਗਲੇਰੀ ਕਾਰਵਾਈ ਹਿੱਤ ਕਮਿਸ਼ਨ ਵਜੋਂ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਪੰਚਾਇਤ ਸਕੱਤਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਥਾਣਾ ਪਟਿਆਲਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਸ਼ੁੱਧ ਵਾਤਾਵਰਨ ਲਈ ਲੱਗੇ ਹੋਏ ਬੂਟਿਆਂ ਨੂੰ ਆਵਾਰਾ ਪਸ਼ੂਆਂ ਤੋਂ ਬਚਾਉਣ ਦੀ ਲੋੜ : ਜਨਕ ਰਾਜ ਝਾਬ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 21 ਅਪ੍ਰੈਲ ( ਅੰਗਰੇਜ਼ ਬਰਾੜ ) - ਦੇਸ਼ ਵਿੱਚ ਵੱਡੇ - ਵੱਡੇ ਨੈਸ਼ਨਲ ਹਾਈਵੇ ਬਣਨ ਅਤੇ ਲੱਕੜੀ ਦੇ ਹੋਰ ਇਸਤੇਮਾਲ ਲਈ ਲੱਖਾਂ ਦੀ ਗਿਣਤੀ ਵਿੱਚ ਵੱਡੇ ਵੱਡੇ ਦਰਖਤ ਵੱਢੇ ਜਾ ਰਹੇ ਹਨ ਪਰ ਉਹਨਾਂ ਦੀ ਜਗ੍ਹਾ ਚੌਥਾ ਹਿੱਸਾ ਵੀ ਨਵੇਂ ਦਰਖਤ ਲਗਾਏ ਨਹੀਂ ਜਾ ਰਹੇ, ਜੇਕਰ ਲਗਾਏ ਵੀ ਜਾ ਰਹੇ ਹਨ ਤਾਂ ਉਹ ਸਾਂਭ ਸੰਭਾਲ ਨਾ ਹੋਣ ਕਾਰਨ ਦਰੱਖਤ ਨਹੀਂ ਬਣ ਪਾਉਂਦੇ । ਇਸ ਸਬੰਧੀ ਗੱਲਬਾਤ ਕਰਦਿਆਂ ਸਬਜ਼ੀ ਮੰਡੀ ਜ਼ੀਰਾ ਦੇ ਪ੍ਰਧਾਨ ਸ਼੍ਰੀ ਜਨਕ ਰਾਜ ਝਾਬ ਨੇ ਕਿਹਾ ਕਿ ਸ਼ੁੱਧ ਵਾਤਾਵਰਨ ਲਈ ਨਵੇਂ ਲੱਗੇ ਜਾਂ ਲਗਾਏ ਜਾ ਰਹੇ ਬੂਟਿਆਂ ਨੂੰ ਆਵਾਰਾ ਅਤੇ ਗੁਜਰਾਂ ਦੇ ਪਸ਼ੂਆਂ ਤੋਂ ਬਚਾਉਣ ਦੀ ਬੇਹੱਦ ਜਰੂਰਤ ਹੈ । ਉਹਨਾਂ ਕਿਹਾ ਕਿ ਸੜਕਾਂ ਅਤੇ ਨਹਿਰਾਂ ਦੀਆਂ ਪਟੜੀਆਂ ਉੱਤੇ ਵੱਡੀ ਗਿਣਤੀ ਵਿੱਚ ਫਿਰਦੇ ਗੁੱਜਰਾਂ ਦੇ ਪਸ਼ੂਆਂ ਦੇ ਵੱਗ ਨਵੇਂ ਲੱਗੇ ਬੂਟਿਆਂ ਨੂੰ ਵੱਡੇ ਹੋਣ ਤੋਂ ਪਹਿਲਾਂ ਹੀ ਮੁੱਛ ਦਿੰਦੇ ਹਨ । ਜਨਕ ਰਾਜ ਝਾਬ ਨੇ ਅੱਗੇ ਕਿਹਾ ਕਿ ਜੇਕਰ ਸਰਕਾਰ ਦਿਲੋਂ ਚਾਹੁੰਦੀ ਹੈ ਕਿ ਸ਼ੁੱਧ ਵਾਤਾਵਰਨ ਲਈ ਲਗਾਏ ਗਏ ਨਵੇਂ ਬੂਟੇ ਵੱਡੇ ਦਰਖਤ ਬਣ ਸਕਣ ਤਾਂ ਸਰਕਾਰ ਨੂੰ ਗੁਜਰਾਂ ਦੇ ਸੜਕਾਂ ਅਤੇ ਨਹਿਰਾਂ ਤੇ ਫਿਰਦੇ ਪਸ਼ੂਆਂ ਉੱਤੇ ਤੁਰੰਤ ਪਾਬੰਦੀ ਲਗਾਉਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਗੁੱਜਰਾਂ ਦੇ ਪਸ਼ੂਆਂ ਦੇ ਨਾਲ ਵੱਡੀ ਗਿਣਤੀ ਵਿੱਚ ਫਿਰਦੇ ਆਵਾਰਾ ਪਸ਼ੂਆਂ ਤੋਂ ਵੀ ਬੂਟਿਆਂ ਨੂੰ ਬਚਾਉਣ ਦੀ ਲੋੜ ਹੈ । ਜਨਕ ਰਾਜ ਝਾਬ ਨੇ ਕਿਹਾ ਕਿ ਅੱਜ ਭਾਰਤ ਵਿੱਚ ਦਰੱਖਤਾਂ ਦੀ ਵੱਡੀ ਲੋੜ ਹੈ, ਕਿਉਂਕਿ ਦਰੱਖਤਾਂ ਦੀ ਘਾਟ ਕਾਰਨ ਮੌਸਮ ਕਰਵਟ ਲੈ ਰਿਹਾ ਹੈ, ਲੋਕ ਕਿਤੇ ਮੀਂਹ ਦੇ ਵੱਧ ਪਾਣੀ ਨਾਲ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕਿਤੇ ਮੀਂਹ ਨਾ ਪੈਣ ਕਾਰਨ ਸੋਕੇ ਦਾ ਸ਼ਿਕਾਰ ਹੋ ਰਹੇ ਹਨ । ਉਹਨਾਂ ਕੇਂਦਰ ਅਤੇ



ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਗੁਜਰ ਭਾਈਚਾਰੇ ਦੇ ਲੋਕਾਂ ਨੂੰ ਸੜਕਾਂ ਤੇ ਪਸ਼ੂ ਲਿਜਾਣ ਤੇ ਪਾਬੰਦੀ ਲਗਾਈ ਜਾਵੇ, ਕਿਉਂਕਿ ਗੁੱਜਰਾਂ ਦੇ ਪਸ਼ੂ ਸੜਕਾਂ ਤੇ ਗੰਦ ਪਾਉਣ ਦੇ ਨਾਲ ਕਿਸਾਨਾਂ ਦੀਆਂ ਫਸਲਾਂ ਦਾ ਵੀ ਨੁਕਸਾਨ ਕਰਦੇ ਹਨ ।

# ਬਾਬਾ ਸਾਹਿਬ ਅੰਬੇਡਕਰ ਇਕੱਲੇ ਦਲਿਤਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਮਸੀਹਾ ਸਨ - ਪਿਆਰੇ ਲਾਲ ਗਰਗ

## ਦੂਲੋਂ, ਕੋਟਲੀ, ਲੱਖਾ ਪਾਇਲ, ਭੁਪਿੰਦਰ ਸੌਂਦ ,ਇਕੋਲਾਹਾ ਤੇ ਸਤੀਸ਼ ਵਰਮਾ ਵੀ ਸਮਾਗਮ ਚ ਵਿਸ਼ੇਸ਼ ਤੌਰ ਤੇ ਸ਼ਾਮਲ - ਅਜੀਤ ਖੰਨਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਖੰਨਾ,21 ਅਪ੍ਰੈਲ:ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ( ਰਜਿ.) ਖੰਨਾ ਵੱਲੋਂ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਸਿਫਤੀ ਦੀ ਅਗਵਾਈ ਹੇਠ ਬੜੀ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਕੈਬਿਨਟ ਮੰਤਰੀ ਸ਼ਮਸੇਰ ਸਿੰਘ ਦੂਲੋ ਸ਼ਾਮਿਲ ਹੋਏ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸਾਬਕਾ ਕੈਬਿਨਟ ਮੰਤਰੀ ਗੁਰਕੀਰਤ ਸਿੰਘ ਕੋਟਲੀ , ਸਾਬਕਾ ਐਮਐਲਏ ਲਖਵੀਰ ਸਿੰਘ ਲੱਖਾ ਪਾਇਲ , ਭੁਪਿੰਦਰ ਸਿੰਘ ਸੌਂਦ ਸ਼ਾਮਿਲ ਹੋਏ। ਸਮਾਗਮ ਦੀ ਪ੍ਰਧਾਨਗੀ ਕਮਲਜੀਤ ਸਿੰਘ ਲੱਧੜ ਪ੍ਰਧਾਨ ਨਗਰ ਕੌਂਸਲ ਖੰਨਾ , ਹਰਦੇਵ ਸਿੰਘ ਰੋਸ਼ਾ , ਸਤੀਸ਼ ਕੁਮਾਰ ਵਰਮਾਂ ਸਲਾਣਾ ਸਾਇਕਲ ਇੰਡਸਟਰੀ , ਗੁਰਦੀਪ ਸਿੰਘ ਕੌਲ ਰਿਟਾ.ਈ.ਟੀ.ਓ. ਅਤੇ ਹਰਭਜਨ ਸਿੰਘ ਦੁੱਲਵਾਂ ਨੇ ਕੀਤੀ । ਸਮਾਗਮ ਦੌਰਾਨ ਮੁੱਖ ਬੁਲਾਰੇ ਵਜੋਂ ਬੋਲਦੇ ਹੋਏ ਡਾ. ਪਿਆਰੇ ਲਾਲ ਗਰਗ ਸਾਬਕਾ ਰਜਿਸਟਰਾਰ ਬਾਬਾ ਫਰੀਦ ਯੂਨੀਵਰਸਿਟੀ ਆਫ ਸਾਇੰਸਜ ਨੇ ਸਰੋਤਿਆਂ ਨੂੰ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅੱਜ ਫਿਰਕੂ ਤਾਕਤਾਂ ਬਾਬਾ ਸਾਹਿਬ ਦੇ ਬਣਾਏ ਹੋਏ ਸੰਵਿਧਾਨ ਨੂੰ ਆਪਣੀ ਸੱਤਾ ਦੇ ਨਸ਼ੇ ਵਿਚ ਚੂਰ ਹੋਕੇ ਬਦਲਣਾ ਚਾਹੁੰਦੀਆ ਹਨ ਤਾਂ ਕਿ ਉਹ ਫਿਰ ਤੋਂ ਮਨੂੰਵਾਦੀ ਸੋਚ ਨੂੰ ਅੱਗੇ ਲਿਆ ਕੇ ਪੁਰਾਣੀ ਵਿਵਸਥਾ ਨੂੰ ਲਾਗੂ ਕਰ ਸਕਣ। ਉਹਨਾਂ ਅੱਗੇ ਕਿਹਾ ਕਿ ਹਰ ਇੱਕ ਪੜ੍ਹੇ ਲਿਖੇ ਇਨਸਾਨ ਦਾ ਇਹ ਫਰਜ ਬਣਦਾ ਹੈ ਕਿ ਉਹ ਬਾਬਾ ਸਾਹਿਬ ਦੇ ਬਣਾਏ ਹੋਏ ਸੰਵਿਧਾਨ ਨੂੰ ਬਚਾਉਣ ਲਈ ਅੱਗੇ ਆਵੇ ਤਾਂ ਕਿ ਭਾਰਤ ਦੀ ਧਰਮ ਨਿਰਪੱਖਤਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਬਚਾਇਆ ਜਾ ਸਕੇ। ਉਹਨਾਂ ਅੱਗੇ ਆਖਿਆ ਕਿ ਬਾਬਾ ਸਾਹਿਬ ਅੰਬੇਡਕਰ ਇਕੱਲੇ ਦਲਿਤਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਮਸੀਹਾ ਸਨ ਜਿਨ੍ਹਾਂ ਨੇ ਭਾਰਤ ਦੇ ਵਿਕਾਸ ਦਾ ਮੁੱਢ ਬੰਨਿਆ । ਮੁੱਖ ਮਹਿਮਾਨ ਵਜੋਂ ਬੋਲਦਿਆ ਸ਼ਮਸੇਰ ਸਿੰਘ ਦੂਲੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਕਿਹਾ ਕਿ ਸਾਨੂੰ ਡਾ. ਅੰਬੇਡਕਰ ਸਾਹਿਬ ਦੁਆਰਾ ਦਰਸਾਏ ਹੋਏ ਰਸਤੇ ਉੱਤੇ ਚੱਲਣਾ ਚਾਹੀਦਾ ਹੈ , ਉਹਨਾਂ ਅੱਗੇ ਜੋਰ ਦੇ ਕੇ ਕਿਹਾ ਕਿ ਸਾਡੇ ਪੜ੍ਹੇ ਲਿਖੇ ਬੁੱਧੀਜੀਵੀ ਵਰਗ ਦੀ ਇਹ ਡਿਊਟੀ ਬਣਦੀ ਹੈ ਕਿ ਜੋ ਪੜ੍ਹਾਈ ਪੱਖੋਂ ਜਾਂ ਆਰਥਿਕ ਪੱਖੋਂ ਸਾਡਾ ਸਮਾਜ ਪਛੜ ਗਿਆ ਹੈ ਉਸ ਨੂੰ ਅੱਗੇ ਵਧਾਉਣ ਵਿੱਚ ਬੁੱਧੀਜੀਵੀ ਵਰਗ ਨੂੰ ਨਿਰੰਤਰ ਯਤਨ ਕਰਨੇ ਚਾਹੀਦੇ ਹਨ । ਸ਼ਮਸ਼ੇਰ ਸਿੰਘ ਦੂਲੋ ਨੇ ਅੱਗੇ ਬੋਲਦਿਆਂ ਆਖਿਆ ਕਿ ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਖੰਨਾ ਦੀ ਸਥਾਪਨਾ ਜਿਸ ਮਕਸਦ ਲਈ ਕੀਤੀ ਗਈ ਸੀ ਸੁਸਾਇਟੀ ਉਸ ਨੂੰ ਪੂਰਾ ਕਰਨ ਵਿੱਚ ਸਫਲ ਰਹੀ ਹੈ, ਅਸੀਂ ਹਰ ਸਮੇਂ ਅੰਬੇਡਕਰ ਸੁਸਾਇਟੀ ਦੇ ਨਾਲ ਤਨਦੇਹੀ ਨਾਲ ਖੜ੍ਹੇ ਹਾਂ । ਸਮਾਗਮ ਨੂੰ ਸਾਬਕਾ ਐਮਐਲਏ ਅਤੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ , ਸੁਸਾਇਟੀ ਦੇ ਸਰਪ੍ਰਸਤ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ , ਐਡਵੋਕੇਟ ਪਰਮਜੀਤ ਸਿੰਘ , ਐਡਵੋਕੇਟ ਜਗਜੀਤ ਸਿੰਘ ਔਜਲਾ , ਕੈਪਟਨ ਹਰਜਿੰਦਰ ਸਿੰਘ , ਮੁਖਤਿਆਰ ਸਿੰਘ ਰਿਟਾ. ਐਸਡੀਓ ਨੇ ਵੀ ਸੰਬੋਧਨ ਕੀਤਾ । ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸੁਸਾਇਟੀ ਦੇ ਜਨਰਲ ਸਕੱਤਰ ਬਲਵੀਰ ਸਿੰਘ ਭੱਟੀ ਨੇ ਬਾਖੂਬੀ ਨਿਭਾਈ । ਇਸ ਮੌਕੇ ਡੀਐੱਸਪੀ ਹਰਜਿੰਦਰ ਸਿੰਘ , ਹਰਜਿੰਦਰ ਸਿੰਘ ਜੇ ਤੇ ਇਲਾਵਾ ਸੁਸਾਇਟੀ ਦੇ ਚੇਅਰਮੈਨ ਰਾਜ ਸਿੰਘ ਸੁਹਾਵੀ , ਸੀਨੀ. ਮੀਤ ਪ੍ਰਧਾਨ ਪਾਲ ਸਿੰਘ ਕੈੜੇ ਅਤੇ ਪ੍ਰਿੰਸੀਪਲ ਤਾਰਾ ਸਿੰਘ , ਮੀਤ ਪ੍ਰਧਾਨ ਈਸਰ ਸਿੰਘ , ਮੁੱਖ ਸਲਾਹਕਾਰ ਪ੍ਰੇਮ ਸਿੰਘ ਬੰਗੜ , ਮੁਖਤਿਆਰ ਸਿੰਘ ਅਰਸ਼ੀ , ਕੈਸ਼ੀਅਰ ਟੇਕ ਚੰਦ , ਮੁੱਖ ਆਡੀਟਰ ਮੇਜਰ ਸਿੰਘ ਮਹਿੰਮੀ , ਪ੍ਰੈੱਸ ਸਕੱਤਰ ਕਰਮ ਸਿੰਘ ਲਲਹੇੜੀ , ਐਡਵੋਕੇਟ ਹਰਮੇਸ਼ ਕੁਮਾਰ ਜੱਸਲ , ਪ੍ਰਿੰਸੀਪਲ ਆਦਰਸ਼ ਸ਼ਰਮਾ , ਵਿਕਾਸ ਮਹਿਤਾ ਸਾਬਕਾ ਪ੍ਰਧਾਨ ਨਗਰ ਕੌਂਸਲ ਖੰਨਾ , ਰਵਿੰਦਰ ਸਿੰਘ ਬੱਬੂ ਐਮਸੀ , ਸੁਖਮਨਜੀਤ ਸਿੰਘ ਬਡਗੁੱਜਰ ਐਮਸੀ , ਹਰਦੀਪ ਸਿੰਘ ਨੀਨੂ ਐਮਸੀ , ਗੁਰਮੀਤ ਸਿੰਘ ਨਾਗਪਾਲ ਐਮਸੀ , ਅਮਰੀਸ਼ ਕਾਲੀਆ ਐਮਸੀ , ਰਜਿੰਦਰ ਸਿੰਘ ਜੀਤ ਸਾਬਕਾ ਐਮਸੀ , ਹਰਜਿੰਦਰ ਸਿੰਘ ਇੱਕੋਲਾਹਾ ਬਲਾਕ ਪ੍ਰਧਾਨ ਖੰਨਾ ਦਿਹਾਤੀ , ਗੁਰਦੀਪ ਵਿੱਕੀ ਮਸ਼ਾਲ ਬਲਾਕ ਪ੍ਰਧਾਨ ਅਤੇ ਸਾਬਕਾ ਐਮਸੀ , ਮੱਖਣ ਸਿੰਘ ਰਹੌਣ , ਖੁਸ਼ੀ ਰਾਮ ਚੌਹਾਨ , ਗੁਰਨਾਮ ਸਿੰਘ ਸੁਪਰਡੈਂਟ , ਹਰਦੇਵ ਸਿੰਘ , ਸੁਰਿੰਦਰ ਸਿੰਘ ਮਾਨੂੰਪੁਰ , ਕੁਲਵੰਤ ਸਿੰਘ ਮਹਿੰਮੀ , ਪ੍ਰਦੀਪ ਮੋਦਗਿੱਲ , ਮਹਿੰਦਰ ਸਿੰਘ ਮਾਨੂਪੁਰ , ਦਰਬਾਰਾ ਸਿੰਘ ਖੱਟੜਾ , ਐਡਵੋਕੇਟ ਗੁਰਪ੍ਰੀਤ ਸਿੰਘ ਧਾਲੀਵਾਲ , ਨੇਤਰ ਸਿੰਘ ਅਲੂਣਾ , ਕੈਪਟਨ ਸ਼ਿਵ ਸਿੰਘ , ਸਾਬਕਾ ਬਲਾਕ ਸੰਮਤੀ ਮੈਂਬਰ ਜਸਵੀਰ ਸਿੰਘ ਰਤਨਹੇੜੀ , ਸਾਬਕਾ ਬਲਾਕ ਸੰਮਤੀ ਮੈਂਬਰ ਪਰਮਜੀਤ ਸਿੰਘ ਨਸਰਾਲੀ , ਬਲਵੰਤ ਸਿੰਘ ਲੋਹਟ, ਹਰਦੀਪ ਸਿੰਘ ਨਸਰਾਲੀ, ਜਰਨੈਲ ਸਿੰਘ ਅਜਨੇਰ , ਗੁਰਪ੍ਰੀਤ ਸਿੰਘ ਜੋਧਾਂ, ਨੇਤਰ ਸਿੰਘ , ਗੁਰਜੀਤ ਸਿੰਘ ਭੌਰਲਾ , ਡਾ. ਸੋਹਣ ਸਿੰਘ , ਰੇਸ਼ਮ ਸਿੰਘ ਸੁਪਰਡੈਂਟ , ਪ੍ਰਿੰਸੀਪਲ ਰਣਵੀਰ ਸਿੰਘ , ਠੇਕੇਦਾਰ ਰਾਮਪਾਲ , ਸੁਰਿੰਦਰ ਕੁਮਾਰ ਰਾਹੁਲ , ਗੁਰਮੀਤ ਸਿੰਘ ਫੌਜੀ ਜਰਗੜੀ , ਧਰਮਵੀਰ , ਮਦਨ ਕੁਮਾਰ ਰਾਹੁਲ , ਸਰਪੰਚ ਰਣਜੀਤ ਸਿੰਘ ਲਲਹੇੜੀ , ਸੁਖਵਿੰਦਰ ਸਿੰਘ ਭੌਰਲਾ ਜੇਈ , ਕਮਲਜੀਤ ਸਿੰਘ ਦੁੱਲਵਾਂ , ਗੁਰਮੱਖ ਸਿੰਘ ਮਨੂਪੁਰ , ਡਾ. ਨਿਰਮਲ ਸਿੰਘ ਵਡਾਲੀ , ਹਰਪ੍ਰੀਤ ਸਿੰਘ ਧਾਲੀਵਾਲ , ਪ੍ਰਕਾਸ਼ ਕੌਰ ਮਿੱਤਰ , ਮਨਦੀਪ ਕੌਰ ਸਿਫਤੀ , ਗੁਰਮੀਤ ਕੌਰ ਅਜਨੇਰ , ਸੁਖਵੰਤ ਕੌਰ , ਕਰਮਜੀਤ ਕੌਰ , ਰਾਜ ਰਾਣੀ , ਸੁਨੈਨਾ , ਹਰਜੀਤ ਸਿੰਘ ਬੁਲੇਪੁਰ , ਪੰਚ ਸ਼ਮਸ਼ੇਰ ਸਿੰਘ ਲਲਹੇੜੀ, ਜੋਰਾ ਸਿੰਘ ਸਰਪੰਚ ਰਾਮਗੜ੍ਹ , ਅਮਰਜੀਤ ਸਿੰਘ ਸਿਫਤੀ , ਪਰਮਜੀਤ ਸਿੰਘ ਰਾਜੂ , ਗੁਰਪ੍ਰੀਤ ਸਿੰਘ ਸਨੀ , ਪੰਚ ਜਗਦੀਸ਼ ਸਿੰਘ , ਕੁਲਦੀਪ ਸਿੰਘ , ਮਨੀ ਪੰਚ , ਠੇਕੇਦਾਰ ਬਲਵਿੰਦਰ ਸਿੰਘ ਪੰਚ ਲਲਹੇੜੀ ਆਦਿ ਮੈਂਬਰ ਹਾਜ਼ਰ ਸਨ ।



# ਪੰਜਾਬੀ ਯੂਨੀਵਰਸਿਟੀ ਵਿਖੇ 5-ਦਿਨਾ ਬਹੁ-ਅਨੁਸ਼ਾਸਨੀ ਫ਼ੈਕਲਟੀ ਵਿਕਾਸ ਪ੍ਰੋਗਰਾਮ ਸ਼ੁਰੂ

## 2047 ਦੇ ਭਾਰਤ ਲਈ ਟਿਕਾਊ ਹੁਨਰ, ਰਣਨੀਤੀਆਂ ਅਤੇ ਹੱਲ' ਵਿਸ਼ੇ 'ਤੇ ਹੋਈ ਚਰਚਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਪਟਿਆਲਾ, 21 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵਿਖੇ ਪੰਜ-ਦਿਨਾ ਬਹੁ-ਅਨੁਸ਼ਾਸਨੀ ਫ਼ੈਕਲਟੀ ਵਿਕਾਸ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ। ਡਾ.ਅਮਰ ਇੰਦਰ ਸਿੰਘ, ਮੁਖੀ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਨੇ ਇਹ ਜਣਕਾਰੀ ਦਿੰਦਿਆਂ ਦੱਸਿਆ ਕਿ '2047 ਦੇ ਭਾਰਤ ਲਈ ਟਿਕਾਊ ਹੁਨਰ, ਰਣਨੀਤੀਆਂ ਅਤੇ ਹੱਲ' ਵਿਸ਼ੇ 'ਤੇ ਕਰਵਾਏ ਜਾ ਰਹੇ ਇਸ ਫ਼ੈਕਲਟੀ ਵਿਕਾਸ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਵੱਖ-ਵੱਖ ਉਘੀਆਂ ਅਕਾਦਮਿਕ ਸ਼ਖ਼ਸੀਅਤਾਂ ਨੇ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟਾਏ।ਮੁੱਖ ਮਹਿਮਾਨਵਜੋਂ ਪਹੁੰਚੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਡਾ. ਆਦਰਸ਼ ਪਾਲ ਵਿਗ ਨੇ ਇਸ ਮੌਕੇ ਬੋਲਦਿਆਂ ਵਾਤਾਵਰਣ ਪ੍ਰਬੰਧਨ, ਨੀਤੀ ਨਿਰਮਾਣ ਅਤੇ ਸਿੱਖਿਆ ਸ਼ਾਸਤਰ ਵਿੱਚ ਵਾਤਾਵਰਣ ਜਾਗਰੂਕਤਾ ਨੂੰ ਜੋੜਨ ਦੀ ਮਹੱਤਤਾ ਬਾਰੇ ਇੱਕ ਭਾਸ਼ਣ ਦਿੱਤਾ। ਉਨ੍ਹਾਂ ਵਾਤਾਵਰਣ ਮਾਮਲਿਆਂ ਵਿੱਚ ਆਪਣੇ ਅਕਾਦਮਿਕ ਅਤੇ ਪ੍ਰਸ਼ਾਸਕ ਵਜੋਂ ਆਪਣੇ ਦੋਹਰੇ ਤਜਰਬੇ ਨੂੰ ਸਾਂਝੇ ਕਰਦਿਆਂ ਅਹਿਮ ਨੁਕਤੇ ਉਭਾਰੇ। ਉਨ੍ਹਾਂ ਵਾਤਾਵਰਣ ਸੰਭਾਲ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਦੀ ਲੋੜ ਬਾਰੇ ਗੱਲ ਕੀਤੀ।ਪ੍ਰੋ.ਆਰਡ ਗ੍ਰੋਏਨ, ਜੋ ਕਿ ਨੀਦਰਲੈਂਡਜ਼ ਦੀ ਗ੍ਰੋਨਿੰਗਨ ਯੂਨੀਵਰਸਿਟੀ ਦੇ ਅਧਿਆਪਕ ਹਨ ਅਤੇ ਮੌਜੂਦਾ ਸਮੇਂ ਥਾਪਰ ਯੂਨੀਵਰਸਿਟੀ ਦੇ ਵਿਜ਼ਿਟਿੰਗ ਪ੍ਰੋਫੈਸਰ ਹਨ, ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਭਾਰਤੀ ਸੰਸਥਾਵਾਂ ਨੂੰ ਗੁੰਝਲਦਾਰ ਸਥਿਤੀਆਂ ਦੇ ਹੱਲ ਵਜੋਂ ਭਵਿੱਖ ਲਈ ਤਿਆਰ ਟੀਚਿਆਂ ਨੂੰ ਪੂਰਾ ਕਰਨ ਲਈ ਅੰਤਰ-ਅਨੁਸ਼ਾਸਨੀ ਅਤੇ ਉੱਦਮੀ ਢਾਂਚੇ ਨੂੰ ਅਪਣਾਉਣਾ ਚਾਹੀਦਾ ਹੈ।ਵਿਸ਼ੇਸ਼ ਮਹਿਮਾਨ ਪੰਜਾਬੀ ਯੂਨੀਵਰਸਿਟੀ ਦੇ ਵਾਤਾਵਰਣ ਸੈੱਲ ਅਤੇ ਸੈਂਟਰ ਫ਼ਾਰ ਰੀਸਟੋਰੇਸ਼ਨ ਆਫ਼ ਈਕੋਸਿਸਟਮ ਦੇ ਡਾਇਰੈਕਟਰ ਡਾ.ਹਿਮੇਂਦਰ ਭਾਰਤੀ ਵੱਲੋਂ ਇਸ ਮੌਕੇ ਦਿੱਤੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਵਾਤਾਵਰਣ ਸਥਿਰਤਾ ਇੱਕ ਬਾਹਰੀ ਚਿੰਤਾ ਨਹੀਂ ਹੈ ਬਲਕਿ ਰਾਸ਼ਟਰੀ ਤਰੱਕੀ ਲਈ ਇੱਕ ਬੁਨਿਆਦੀ ਥੰਮ੍ਹ ਹੈ। ਉਨ੍ਹਾਂ ਨੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਅਣਚਾਹੇ ਵਾਤਾਵਰਣਕ ਪਤਨ - ਜੈਵ ਵਿਭਿੰਨਤਾ ਦੇ ਨੁਕਸਾਨ, ਨਿਵਾਸ ਸਥਾਨਾਂ ਦੇ ਵਿਨਾਸ਼ ਅਤੇ ਪ੍ਰਦੂਸ਼ਣ ਨੇ ਅਰਥਵਿਵਸਥਾ ਅਤੇ ਸਮਾਜਿਕ ਭਲਾਈ ਦੋਵਾਂ ਲਈ ਗੰਭੀਰ ਜੋਖਮ ਪੈਦਾ ਕੀਤੇ ਹਨ।ਪ੍ਰਸਿੱਧ ਲੇਖਕ ਅਤੇ ਕੁਦਰਤ ਪ੍ਰੇਮੀ ਪ੍ਰੋਫੈਸਰ ਡਾ. ਸਵਰਾਜ ਰਾਜ ਨੇ ਭਵਿੱਖ ਵਿੱਚ ਮੌਜੂਦ ਚੁਣੌਤੀਆਂ ਅਤੇ ਮੌਕਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਕਨਵੀਨਰ ਡਾ.ਰਤਿੰਦਰ ਕੌਰ ਵੱਲੋਂ ਸੈਸ਼ਨ ਦੀ ਸ਼ੁਰੂਆਤ ਵਿੱਚ ਸਵਾਗਤੀ ਸ਼ਬਦ ਬੋਲੇ ਗਏ। ਧੰਨਵਾਦੀ ਭਾਸ਼ਣ ਕੋਆਰਡੀਨੇਟਰ ਡਾ.ਧੀਰਜ ਸ਼ਰਮਾ ਨੇ ਦਿੱਤਾ।

# ਸੋਨੇ ਦੀਆਂ ਵਧਦੀਆਂ ਕੀਮਤਾਂ : ਸੋਨੇ ਦੇ ਗਹਿਣੇ ਪਹਿਨ ਕੇ ਘੁੰਮਣਾ ਕਿੰਨਾ ਕੁ ਸੁਰੱਖਿਅਤ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਜਿਸ ਹਿਸਾਬ ਨਾਲ ਸੋਨੇ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ, ਉਸ ਨੂੰ ਦੇਖ ਕੇ ਤਾਂ ਇਹੀ ਲੱਗਦਾ ਹੈ ਕਿ ਹੁਣ ਸੋਨੇ ਦੇ ਗਹਿਣੇ ਸਿਰਫ਼ ਤਿਉਹਾਰਾਂ ਅਤੇ ਵਿਆਹਾਂ ਦੀ ਸ਼ਾਨ ਬਣ ਕੇ ਰਹਿ ਜਾਣਗੇ। ਕਦੇ ਸੋਨਾ ਔਰਤਾਂ ਦੀ ਸੁੰਦਰਤਾ ਅਤੇ ਰੁਤਬੇ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਪਰ ਅੱਜਕੱਲ੍ਹ ਇਸ ਦੀ ਕੀਮਤ ਇੰਨੀ ਜ਼ਿਆਦਾ ਹੋ ਗਈ ਹੈ ਕਿ ਆਮ ਆਦਮੀ ਲਈ ਇਸ ਨੂੰ ਖਰੀਦਣਾ ਤਾਂ ਦੂਰ ਦੀ ਗੱਲ, ਪਹਿਲਾਂ ਤੋਂ ਮੌਜੂਦ ਗਹਿਣਿਆਂ ਨੂੰ ਪਾ ਕੇ ਬਾਹਰ ਨਿਕਲਣਾ ਵੀ ਖਤਰੇ ਤੋਂ ਖਾਲੀ ਨਹੀਂ ਜਾਪਦਾ।

ਕੁਝ ਸਾਲ ਪਹਿਲਾਂ ਤੱਕ ਸੋਨੇ ਦੇ ਛੋਟੇ-ਮੋਟੇ ਗਹਿਣੇ ਪਾ ਕੇ ਬਾਜ਼ਾਰ ਜਾਣਾ ਜਾਂ ਕਿਸੇ ਸਮਾਗਮ ਵਿੱਚ ਸ਼ਾਮਲ ਹੋਣਾ ਆਮ ਗੱਲ ਸੀ। ਪਰ ਹੁਣ ਜੇਕਰ ਕੋਈ ਮਹਿਲਾ ਸੋਨੇ ਦੀ ਮੋਟੀ ਚੇਨ ਜਾਂ ਵੱਡੇ ਕੰਗਣ ਪਹਿਨ ਕੇ ਘਰੋਂ ਨਿਕਲਦੀ ਹੈ, ਤਾਂ ਲੋਕ ਉਸ ਨੂੰ ਹੈਰਾਨੀ ਨਾਲ ਦੇਖਦੇ ਹਨ। ਮਨ ਵਿੱਚ ਇੱਕ ਡਰ ਜਿਹਾ ਬਣਿਆ ਰਹਿੰਦਾ ਹੈ ਕਿ ਕਿਤੇ ਕੋਈ ਅਣਹੋਣੀ ਨਾ ਹੋ ਜਾਵੇ। ਚੋਰੀ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵੀ ਇਸ ਕਦਰ ਵੱਧ ਗਈਆਂ ਹਨ ਕਿ ਮਹਿੰਗੇ ਗਹਿਣੇ ਪਹਿਨ ਕੇ ਜਨਤਕ ਥਾਵਾਂ 'ਤੇ ਜਾਣਾ ਇੱਕ ਵੱਡਾ ਜੋਖਮ ਲੈਣ ਬਰਾਬਰ ਹੈ।

ਸੋਨੇ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਦੇ ਕਈ ਕਾਰਨ ਹਨ। ਇੱਕ ਤਾਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਮੰਗ ਵਧਣਾ ਹੈ ਅਤੇ ਦੂਜਾ ਸਾਡੇ ਦੇਸ਼ ਵਿੱਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿੱਚ ਗਿਰਾਵਟ ਆਉਣਾ ਵੀ ਇਸ ਦਾ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਸੋਨੇ ਨੂੰ ਇੱਕ ਸੁਰੱਖਿਅਤ ਨਿਵੇਸ਼ ਦੇ ਤੌਰ 'ਤੇ ਵੀ ਦੇਖਿਆ ਜਾਂਦਾ ਹੈ, ਜਿਸ ਕਰਕੇ ਸੋਨੇ ਵਿੱਚ ਨਿਵੇਸ਼ ਕਰਨਾ ਵਧਾ ਰਹੇ ਹਨ, ਜਿਸ ਨਾਲ ਇਸ ਦੀ ਮੰਗ ਹੋਰ ਵੀ ਵੱਧ ਰਹੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਅਸੀਂ ਸਿਰਫ਼ ਇਸ ਡਰ ਨਾਲ ਆਪਣੇ ਪੁਰਾਣੇ ਅਤੇ ਕੀਮਤੀ ਗਹਿਣਿਆਂ ਨੂੰ ਤਿਜੌਰੀਆਂ ਵਿੱਚ ਬੰਦ ਕਰਕੇ ਰੱਖ ਦੇਈਏ? ਕੀ ਸੋਨੇ ਦੇ ਗਹਿਣੇ ਸਿਰਫ਼ ਵਿਖਾਵੇ ਦੀ ਚੀਜ਼ ਬਣ ਕੇ ਰਹਿ ਜਾਣਗੇ, ਜਿਨ੍ਹਾਂ ਨੂੰ ਸਿਰਫ਼ ਖਾਸ ਮੌਕਿਆਂ 'ਤੇ ਹੀ ਕੱਢਿਆ ਜਾਵੇਗਾ?

ਇਸ ਸਥਿਤੀ ਵਿੱਚ ਸਾਨੂੰ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ। ਜੇਕਰ ਅਸੀਂ ਸੋਨੇ ਦੇ ਗਹਿਣੇ ਪਾ ਕੇ ਬਾਹਰ ਨਿਕਲਦੇ ਵੀ ਹਾਂ, ਤਾਂ ਸਾਨੂੰ ਬਹੁਤ ਜ਼ਿਆਦਾ ਸੁਚੇਤ ਰਹਿਣ ਦੀ ਲੋੜ ਹੈ। ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚਣਾ ਚਾਹੀਦਾ ਹੈ ਅਤੇ ਰਾਤ ਦੇ ਸਮੇਂ ਇਕੱਲੇ ਘੁੰਮਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਧਿਆਨ ਦੇਣ ਦੀ ਲੋੜ ਹੈ। ਚੋਰੀ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹੈ ਤਾਂ ਜੋ ਆਮ ਲੋਕ ਬਿਨਾਂ ਕਿਸੇ ਡਰ ਦੇ ਆਪਣੀ ਜ਼ਿੰਦਗੀ ਜੀਅ ਸਕਣ।



ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177

ਅੰਤ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸੋਨੇ ਦੀਆਂ ਵਧਦੀਆਂ ਕੀਮਤਾਂ ਨੇ ਸਾਡੇ ਸਮਾਜ ਵਿੱਚ ਇੱਕ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਹੁਣ ਸੋਨੇ ਦੇ ਗਹਿਣੇ ਪਹਿਨ ਕੇ ਬਾਹਰ ਨਿਕਲਣਾ ਇੱਕ ਸਾਹਸ ਤੋਂ ਘੱਟ ਨਹੀਂ ਹੈ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਥਿਤੀ ਬਿਹਤਰ ਹੋਵੇਗੀ ਅਤੇ ਲੋਕ ਬਿਨਾਂ ਕਿਸੇ ਡਰ ਦੇ ਆਪਣੇ ਗਹਿਣਿਆਂ ਦਾ ਅਨੰਦ ਲੈ ਸਕਣਗੇ।

# ਵੈਕਟਰ ਬਿਮਾਰੀਆਂ ਤੋਂ ਬਚਾਅ ਲਈ ਕਾਰਵਾਈ ਤੇਜ਼, ਪਿੰਡ ਸਿੰਘ 'ਚ ਸਿਹਤ ਟੀਮ ਐਕਸ਼ਨ 'ਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਰੂਪਨਗਰ, 21/04/2025:- ਵੈਕਟਰ ਜਨਿਤ ਬਿਮਾਰੀਆਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ, ਸੈਕਟਰ ਸਿੰਘ ਤੋਂ ਆਏ ਸਿਹਤ ਅਧਿਕਾਰੀ ਅਵਤਾਰ ਸਿੰਘ ਅਤੇ ਹੈਲਥ ਵਰਕਰ ਹਰਜੀਤ ਸਿੰਘ ਵੱਲੋਂ ਮਿਤੀ 21/04/2025 ਨੂੰ ਪਿੰਡ ਸਿੰਘ ਵਿੱਚ ਵੱਖ-ਵੱਖ ਥਾਵਾਂ ਉੱਤੇ ਮੌਜੂਦ ਖੜ੍ਹੇ ਪਾਣੀ ਵਿੱਚ ਕੇਰੋਸਿਨ ਆਇਲ ਪਾ ਕੇ ਮੱਛਰਾਂ ਦੇ ਲਾਰਵਾ ਨੂੰ ਨਾਸ਼ ਕੀਤਾ ਗਿਆ।




ਇਹ ਕਾਰਵਾਈ ਡੇਂਗੂ, ਮਲੇਰੀਆ, ਚਿਕਨਗੁਨਿਆ ਵਰਗੀਆਂ ਵੈਕਟਰ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਕੀਤੀ ਗਈ ਅਤੇ ਨਾਲ ਹੀ ਪਿੰਡ ਵਾਸੀਆਂ ਨੂੰ ਮੱਛਰ ਰੋਕਥਾਮ ਬਾਰੇ ਜਾਗਰੂਕ ਵੀ ਕੀਤਾ ਗਿਆ।

ਸੀਨੀਅਰ ਮੈਡੀਕਲ ਅਫਸਰ ਡਾ. ਅਨੰਦ ਘਾਈ ਨੇ ਕਿਹਾ ਕਿ ਵੈਕਟਰ ਜਨਿਤ ਬਿਮਾਰੀਆਂ ਤੋਂ ਬਚਾਅ ਲਈ ਇਹ ਅਤਿ ਜ਼ਰੂਰੀ ਹੈ ਕਿ ਅਸੀਂ ਖੜ੍ਹੇ ਪਾਣੀ ਨੂੰ ਖਤਮ ਕਰੀਏ ਜਾਂ ਉਤੇਲੀਆਂ ਜਵਾਂ ਕੇਰੋਸਿਨ ਆਇਲ ਵਰਗੇ ਉਪਾਅ ਲਾਗੂ ਕਰੀਏ। ਸਿਹਤ ਵਿਭਾਗ ਵੱਲੋਂ ਕੀਤੀ ਇਹ ਕਾਰਵਾਈ ਪਿੰਡ ਵਾਸੀਆਂ ਦੀ ਸਿਹਤ ਦੀ ਰੱਖਿਆ ਲਈ ਇਕ ਸਰਾਹਣੀਯੋ ਉਪਰਾਲਾ ਹੈ।

ਸਿਹਤ ਵਿਭਾਗ ਵੱਲੋਂ ਇਹ ਪ੍ਰਯਾਸ ਪਿੰਡ ਨੂੰ ਸੁਰੱਖਿਅਤ, ਸਾਫ-ਸੁਥਰਾ ਅਤੇ ਮੱਛਰ ਮੁਕਤ ਬਣਾਉਣ ਵੱਲ ਇਕ ਵੱਡਾ ਕਦਮ ਹੈ। ਪਿੰਡ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਪੂਰਾ ਸਹਿਯੋਗ ਦੇਣ ਅਤੇ ਆਪਣੇ ਆਲੇ ਦੁਆਲੇ ਸਫਾਈ ਬਣਾਈ ਰੱਖਣ

# ਪਹਿਲ ਮੰਡੀ ਨੇ ਬਦਲੀ ਕਿਸਮਤ ਖੁਦ ਦਾ ਪਹਿਲ ਮਾਰਟ ਕੀਤਾ ਸ਼ੁਰੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,21 ਅਪ੍ਰੈਲ (ਜਗਸੀਰ ਸਿੰਘ) - ਪੰਜਾਬ ਰਾਜ ਦਿਹਾਤੀ ਮਿਸ਼ਨ ਤਹਿਤ ਔਰਤਾਂ ਨੂੰ ਸਵੈ ਰੋਜਗਾਰ, ਆਤਮ ਨਿਰਭਰ ਅਤੇ ਸ਼ਸਕਤੀਕਰਨ ਦੇ ਮੰਤਵ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ "ਪਹਿਲ" ਤਹਿਤ ਸ਼ੁਰੂ ਕੀਤੀ ਹਫ਼ਤਾਵਾਰੀ 'ਪਹਿਲ ਮੰਡੀ' ਤੋਂ ਪ੍ਰਭਾਵਿਤ ਹੋ ਕੇ ਬਲਾਕ ਸੁਨਾਮ ਦੇ ਪਿੰਡ ਕਣਕਵਾਲ ਭੰਗੂਆਂ ਵਿਖੇ ਬਾਬਾ ਕਪੂਰ ਦਾਸ ਸੈਲਫ ਹੈਲਪ ਗਰੁੱਪ ਦੇ ਮੈਂਬਰ ਸ੍ਰੀਮਤੀ ਮਮਤਾ ਰਾਣੀ ਵੱਲੋਂ ਐਕਸਲ ਵਾਸ਼ ਸਰਫ਼ ਬਣਾਉਣ ਦਾ ਪ੍ਰੋਜੈਕਟ ਲਗਾਇਆ ਗਿਆ ਹੈ । ਇਸ ਤੋਂ ਪਹਿਲਾਂ ਸ੍ਰੀਮਤੀ ਮਮਤਾ ਰਾਣੀ ਮਿਸ਼ਨ ਅਧੀਨ ਕੇਡਰ ਦੇ ਤੌਰ ਤੇ ਕੰਮ ਕਰਦੀ ਸੀ ਅਤੇ ਆਪਣੀ ਆਜੀਵਿਕਾ ਚਲਾਉਂਦੀ ਸੀ। ਜਿਸ ਨਾਲ ਉਸ ਨੂੰ ਕਮਾਈ ਸੀਮਤ ਹੀ ਹੁੰਦੀ ਸੀ।



ਉਨ੍ਹਾਂ ਵੱਲੋਂ ਆਪਣਾ ਕੰਮ ਕਰਨ ਦਾ ਵਿਚਾਰ ਕੀਤਾ ਅਤੇ ਸਰਫ਼ ਬਣਾਉਣ ਦੀ ਟ੍ਰੇਨਿੰਗ ਹਾਸਿਲ ਕੀਤੀ । ਸ੍ਰੀਮਤੀ ਮਮਤਾ ਰਾਣੀ ਵੱਲੋਂ ਹਫ਼ਤਾਵਾਰੀ "ਪਹਿਲ" ਮੰਡੀ ਵਿੱਚ ਆਪਣਾ ਸਰਫ਼ ਵੇਚਣ ਲਈ ਲਗਾਤਾਰ ਭਾਗ ਲਿਆ ਗਿਆ ।ਹੋਲੀ-ਹੋਲੀ ਇਸ ਮੰਡੀ ਵਿੱਚ ਇਹ ਸਰਫ਼ ਹਰਮਨ ਪਿਆਰਾ ਹੋ ਗਿਆ ਹੈ,ਗ੍ਰਾਹਕਾਂ ਵੱਲੋਂ ਲਗਾਤਾਰ ਇਸਦੀ ਮੰਗ ਕੀਤੀ ਗਈ । ਮਮਤਾ ਰਾਣੀ ਵੱਲੋਂ ਆਪਣੇ ਗਰੁੱਪ ਤੋਂ ਕਰਜ਼ ਲਿਆ ਗਿਆ ,ਜਿਸ ਨਾਲ ਉਸਨੇ ਸਰਫ਼ ਤੋਂ ਇਲਾਵਾ ਐਕਸੇਲ ਰੀਠਾਂ ਸ਼ੈਂਪੂ, ਲੀਸਾ ਪੋਲ, ਫਿਨਾਇਲ ਅਤੇ ਕਪੜੇ ਧੋਣ ਲਈ ਇਜੀ ਵਾਸ਼ ਤਿਆਰ ਕੀਤਾ ਜਾ ਰਿਹਾ ਹੈ ।ਇਸ ਤੋਂ ਇਲਾਵਾ ਉਸ ਵੱਲੋਂ ਸਕੀਮ ਤਹਿਤ ਮਧੂ ਮੱਖੀਆਂ ਰੱਖ ਕੇ ਸ਼ਹਿਦ ਪੈਦਾ ਕਰਨ ਦਾ ਕੰਮ ਵੀ ਸ਼ੁਰੂ ਕੀਤਾ। ਇਸ ਨਾਲ ਮਹੀਨਾਵਾਰ ਸੇਲ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ। "ਪਹਿਲ ਮੰਡੀ" ਤੋਂ ਇਲਾਵਾ ਉਸਨੇ ਕਿਸਾਨ ਅਤੇ ਵਿਭਾਗੀ ਮੇਲਿਆਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ, ਜਿਸ ਨਾਲ ਉਸਦੀ ਕਮਾਈ ਵਿੱਚ ਵਾਧਾ ਹੋਇਆ ਅਤੇ ਕੰਮ ਕਰਨ ਲਈ ਹੌਸਲਾ ਮਿਲਿਆ,ਉਸ ਵੱਲੋ ਸਾਰਾ ਲੋਨ ਉਤਾਰ ਦਿੱਤਾ ਗਿਆ ਹੈ, ਫਿਰ ਉਸ ਵੱਲੋਂ ਕੁਝ ਹੋਰ ਕਰਨ ਦੀ ਸੋਚੀ ਅਤੇ ਬਲਾਕ ਸੁਨਾਮ ਦੇ ਪਿੰਡ ਜਖੇਪਲ ਬਾਸ ਆਪਣੀ ਪਹਿਲ ਮਾਰਟ ਦੀ ਸ਼ੁਰੂਆਤ ਕੀਤੀ ਹੈ,ਜਿੱਥੇ ਉਸ ਵੱਲੋਂ ਅਤੇ ਹੋਰ ਸੈਲਫ ਹੈਲਪ ਗਰੁੱਪ ਮੈਂਬਰਾਂ ਵੱਲੋਂ ਤਿਆਰ ਕੀਤਾ ਸਮਾਨ ਮਿਲਦਾ ਹੈ।

ਸ੍ਰੀਮਤੀ ਮਮਤਾ ਰਾਣੀ ਨੂੰ ਉਸਦੀ ਮਿਹਨਤ ਕਾਰਨ ਵੱਖ-ਵੱਖ ਸਮੇਂ ਤੇ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ,ਸਮਾਜ ਵਿੱਚ ਉਸਦੀ ਇੱਕ ਨਿਵੇਕਲੀ ਪਹਿਚਾਣ ਬਣ ਗਈ ਹੈ ਅਤੇ ਹੋਰ ਪੇਂਡੂ ਔਰਤਾਂ ਲਈ ਪ੍ਰੇਰਨਾ ਬਣ ਚੁੱਕੀ ਹੈ।

# ਪੰਜਾਬ ਸਰਕਾਰ ਕਿਸਾਨਾਂ ਲਈ ਕਿਉ ਨਹੀਂ ਲਾਗੂ ਕਰ ਰਹੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ- ਰਣਧੀਰ ਸਿੰਘ ਕਲੇਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,21 ਫਰਵਰੀ (ਜਗਸੀਰ ਲੌਂਗੋਵਾਲ)- ਪਿਛਲੇ ਤੋਂ ਲਗਾਤਾਰ ਕਣਕ ਦੀ ਫਸਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਕਾਰਨ ਹੋਏ ਨੁਕਸਾਨ ਦੇ ਚੱਲਦਿਆਂ ਭਾਜਪਾ ਕਿਸਾਨ ਮੋਰਚਾ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਤੇ ਭਾਰਤ ਤਿੱਬਤ ਸਹਿਯੋਗ ਮੰਚ ਦੇ ਸੂਬਾ ਪ੍ਰਧਾਨ ਸ.ਰਣਧੀਰ ਸਿੰਘ ਕਲੇਰ ਨੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪੰਜਾਬ ਸਰਕਾਰ ਤੋਂ ਕਿਸਾਨਾਂ ਦੀ ਇੱਕ ਹਫਤੇ ਅੰਦਰ ਗਿਰਦਾਵਰੀ ਕਰਕੇ ਜਲਦ ਤੋਂ ਜਲਦ ਬਣਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਪੰਜਾਬ ਦੀ 'ਆਪ' ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਸ. ਰਣਧੀਰ ਸਿੰਘ ਕਲੇਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਜਾਰੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਸੂਬਾ ਸਰਕਾਰ ਲਾਗੂ ਕਿਉਂ ਨਹੀਂ ਕਰ ਰਹੀ,ਜਿਸ ਰਾਹੀਂ ਅੱਗ ਨਾਲ ਝੁਲਸ ਗਈਆਂ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਕਿਸਾਨ ਭਰਾ ਸਿੱਧਾ ਹਾਸਲ ਕਰ ਸਕਦੇ ਹਨ।

ਉਹਨਾਂ ਕਿਹਾ ਕਿ ਹੜ੍ਹਾਂ ਵੇਲੇ ਹੋਏ ਨੁਕਸਾਨ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਰਫ ਬਿਆਨਬਾਜ਼ੀ ਜਰੀਏ ਹੀ ਹੋਏ ਨੁਕਸਾਨ ਦੇ ਮੁਆਵਜ਼ੇ ਦਾ ਦਾਅਵਾ ਕੀਤਾ ਸੀ,ਪਰ ਅਸਲ



ਹਕੀਕਤ ਵਿਚ ਉਸ 'ਤੇ ਕੋਈ ਅਮਲ ਨਹੀਂ ਹੋਇਆ ਜੇਕਰ ਸੂਬਾ ਸਰਕਾਰ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਲਾਗੂ ਕਰ ਦਿੰਦੀ ਤਾਂ ਸਾਰੇ ਮਸਲੇ ਦਾ ਹੱਲ ਹੋ ਜਾਣਾ ਸੀ।

# ਸਰਕਾਰ "ਯੁੱਧ ਨਸਿਆਂ ਵਿਰੁੱਧ" ਦੀ ਤਰਜ਼ ਤੇ ਨਕਲੀ ਦੁੱਧ, ਪਨੀਰ ਅਤੇ ਨਕਲੀ ਚੀਜ਼ਾਂ ਤੇ ਵੀ ਨਕੇਲ ਪਾਵੇ - ਚੋਪੜਾ

## ਪੰਜਾਬ ਵਿੱਚ ਦੁਧਾਰੂ ਪਸ਼ੂ ਘੱਟ ਪਰ ਦੁੱਧ ਪਨੀਰ ਦੀ ਖਪਤ ਜਿਆਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਭਵਾਨੀਗੜ੍ਹ,21 ਅਪ੍ਰੈਲ (ਜਗਸੀਰ ਲੌਂਗੋਵਾਲ) - ਭਵਾਨੀਗੜ੍ਹ ਤੋਂ ਉੱਘੇ ਸਮਾਜ ਸੇਵੀ ਜਸਵਿੰਦਰ ਸਿੰਘ ਚੋਪੜਾ ਨੇ ਨਕਲੀ ਦੁੱਧ,ਪਨੀਰ ਅਤੇ ਹੋਰ ਮਿਲਾਵਟੀ ਚੀਜ਼ਾਂ (ਨਾਮੀ ਜ਼ਹਿਰ) ਤੇ ਕੀਮਤੀ ਇਨਸਾਨੀ ਜਾਨਾਂ ਬਚਾਉਣ ਦੇ ਮਕਸਦ ਨਾਲ ਸਰਕਾਰ ਅਤੇ ਪ੍ਰਸ਼ਾਸਨ ਤੇ ਮੰਗ ਕੀਤੀ ਹੈ ਕਿ ਸਰਕਾਰ ਦੀ ਬਹੁਤ ਵੱਡੀ ਉਪਲਬਧੀ "ਯੁੱਧ ਨਸਿਆਂ ਵਿਰੁੱਧ" ਦੀ ਤਰਜ਼ ਤੇ ਸਰਕਾਰ ਮਿਲਾਵਟੀ , ਨਕਲੀ ਚੀਜ਼ਾਂ ਤੇ ਨਕੇਲ ਪਾਵੇ । ਉਨਾਂ ਕਿਹਾ ਕਿ ਪੰਜਾਬ ਵਿੱਚ ਚੱਲ ਰਹੀਆਂ ਹਰ ਤਰਾਂ ਦੀਆਂ ਬੁਰਾਈਆਂ ਨੂੰ ਨੱਥ ਪਾਉਣ ਲਈ ਜਨਤਾ ਵੀ ਸਰਕਾਰ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰੇ । ਉਨਾਂ ਕਿਹਾ ਕਿ ਪੰਜਾਬ ਵਿੱਚ ਦੁਧਾਰੂ ਪਸ਼ੂ ਬਹੁਤ ਘੱਟ ਹੋ ਗਏ ਹਨ ਪਰ ਪੰਜਾਬ ਵਿੱਚ ਦੁੱਧ ਪਨੀਰ ਦਾ ਇਸਤੇਮਾਲ ਵੱਡੀ ਮਾਤਰਾ ਹੁੰਦਾ ਹੈ , ਇਹ ਦੁੱਧ ਜਾਂ ਪਨੀਰ ਅਸਲੀ ਹੈ ਜਾਂ ਨਕਲੀ ਰੱਬ ਜਾਣੇ , ਜੋ ਕਿ ਸੋਚਣ ਦਾ ਵਿਸ਼ਾ ਹੈ । ਪੰਜਾਬ ਸਿਹਤ ਵਿਭਾਗ ਦੇ ਅਧੀਨ ਕੰਮ ਕਰਦਾ ਫੂਡ ਸੇਫਟੀ ਵਿਭਾਗ ਵੀ ਅਪਣੀ ਬਨਦੀ ਕਾਰਗੁਜ਼ਾਰੀ ਲਈ ਬਿਲਕੁਲ ਸੁਹਿਰਦ ਨਜ਼ਰ ਨਹੀਂ ਆ ਰਿਹਾ ਜਾ ਲੱਗਦਾ ਖਾਨਾਪੂਰਤੀ ਹੀ ਕਰ ਰਿਹਾ । ਉਨਾ ਸਰਕਾਰ , ਪ੍ਰਸ਼ਾਸਨ ਅਤੇ ਜਨਤਾ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਆਓ ਸਾਰੇ ਰਲ ਮਿਲ ਇਨਸਾਨੀਅਤ ਦੀ ਦੁਸ਼ਮਣ



ਬੁਰਾਈਆਂ ਨੂੰ ਖ਼ਤਮ ਕਰੀਏ , ਨਹੀਂ ਤਾਂ ਪੰਜਾਬ ਵਿੱਚ ਹੋਰ ਵੀ ਗੰਭੀਰ ਬਿਮਾਰੀਆਂ ਜਨਮ ਲੈ ਲੈਣਗੀਆਂ ਕਹਾਵਤ ਹੈ ਫੇਰ ਪਛਤਾਉਣ ਦਾ ਕੋਈ ਫਾਇਦਾ ਨਹੀਂ ਜਬ ਚਿੜੀਆਂ ਚੁੰਗ ਹੀ ਖੇਤ ।

# ਕੈਬਨਿਟ ਮੰਤਰੀ ਡਾ.ਰਵਜੋਤ ਸਿੰਘ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੀ ਜਥੇਬੰਦੀ ਨਾਲ 23 ਨੂੰ ਕਰਨਗੇ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ, 21 ਅਪ੍ਰੈਲ (ਜਗਸੀਰ ਸਿੰਘ) - ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂ , ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇੰਪਲਾਈਜ ਕੰਟਰੈਕਟ ਵਰਕਰਜ ਯੂਨੀਅਨ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਜਾਣਕਾਰੀ ਦਿੰਦਿਆਂ ਕਿਹਾ ਭਾਵੇਂ ਕਿ ਉਨਾਂ ਦੀ ਜਥੇਬੰਦੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਕੇ ਵਰਕਰਾਂ ਦੀਆਂ ਮੰਗਾਂ ਨੂੰ ਕੁਝ ਹੱਦ ਤੱਕ ਮਨਵਾ ਲਿਆ ਗਿਆ ਹੈ ਫਿਰ ਵੀ ਰਹਿੰਦੀਆਂ ਕੁਝ ਮੁੱਖ ਮੰਗਾਂ ਨੂੰ ਲੈ ਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਸਹਿਯੋਗ ਸਦਕਾ ਸੰਘਰਸ਼ ਲਗਾਤਾਰ ਜਾਰੀ ਹੈ। ਜਿਸ ਦੇ ਤਹਿਤ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਮੁੱਖ ਦਫਤਰ ਤੋਂ ਮੈਨਜਰ ਪਰਸੋਨਲ ਜਨਰਲ ਐਡਮਨ ਵਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨੂੰ ਇੱਕ ਪੱਤਰ ਭੇਜ ਕੇ ਕੈਬਨਟ ਮੰਤਰੀ ਡਾਕਟਰ ਰਵਜੋਤ ਸਿੰਘ ਨਾਲ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਅਤੇ ਸੂਬਾ ਕਮੇਟੀ ਮੈਂਬਰ ਇਸ ਮੀਟਿੰਗ ਵਿੱਚ ਹਾਜ਼ਰ ਹੋਣਗੇ। ਜਥੇਬੰਦੀ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਿੱਚ ਪਿਛਲੇ 15-20 ਸਾਲਾਂ ਤੋਂ ਕੰਮ ਕਰਦੇ ਕੱਚੇ ਕਾਮਿਆਂ ਨੂੰ 15ਵੀਂ ਲੇਬਰ ਕਾਨਫਰੰਸ ਦੇ ਅਨੁਸਾਰ ਬਣਦੀ ਤਨਖਾਹ ਦੇਣ ਠੇਕੇਦਾਰਾਂ,ਕੰਪਨੀਆਂ ਸੋਸਾਇਟੀਆਂ ਨੂੰ ਬਾਹਰ ਕੱਢ ਕੇ ਸਿੱਧਾ ਸੀਵਰੇਜ ਬੋਰਡ ਵਿੱਚ ਮਰਜ ਕਰਕੇ ਰੈਗੂਲਰ ਕਰਨ ਦੀ ਮੰਗ ਨੂੰ ਲੈਕੇ ਵਿਚਾਰ ਚਰਚਾ ਕਰਨਗੇ



ਜਿਸ ਵਿਚ ਵਧੀਕ ਸਕੱਤਰ ਸਥਾਨਕ ਸਰਕਾਰਾਂ,ਮੁੱਖ ਕਾਰਜਕਾਰੀ ਅਫਸਰ ਮੈਡਮ ਦੀਪਤੀ ਉਪਲ, ਮੁੱਖ ਚੀਫ ਇੰਜੀਨੀਅਰ ਆਦਿ ਇਸ ਮੀਟਿੰਗ ਵਿੱਚ ਸ਼ਾਮਿਲ ਰਹਿਣਗੇ।

# ਅਕਾਲ ਅਕੈਡਮੀ ਬਹਿਕ ਫੱਤੂ ਵੱਲੋਂ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਮੌਕੇ ਧਾਰਮਿਕ ਸਮਾਗਮ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,21 ਅਪ੍ਰੈਲ (ਜਗਸੀਰ ਲੌਂਗੋਵਾਲ)-

ਕਲਗੀਧਰ ਟਰਸਟ ਬੜੂ ਸਾਹਿਬ ਦੀ ਸ਼ਾਖਾ ਅਕਾਲ ਅਕੈਡਮੀ ਬਹਿਕ ਫੱਤੂ ਵਿਖੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੇ ਮੌਕੇ 'ਤੇ ਇੱਕ ਰੂਹਾਨੀ ਅਤੇ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਰੂਹਾਨੀ ਅਹਿਮੀਅਤ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜਨਾ ਸੀ। ਸਮਾਗਮ ਦੀ ਸ਼ੁਰੂਆਤ




ਸਹਿਜ ਪਾਠ ਦੇ ਭੋਗ ਪਾਉਣ ਨਾਲ ਹੋਈ, ਜੋ ਕਿ ਬੱਚਿਆਂ ਵੱਲੋਂ ਸੰਪੂਰਨ ਕੀਤਾ ਗਿਆ ਸੀ। ਇਸ ਉਪਰੰਤ ਸਕੂਲ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ ਕਰਕੇ ਹਜ਼ੂਰੀਆਂ ਨੂੰ ਰੂਹਾਨੀ ਰੰਗਾਂ ਵਿੱਚ ਰੰਗ ਦਿੱਤਾ। ਇਸ ਤੋਂ ਇਲਾਵਾ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਇੱਕ ਜੋਸ਼ ਭਰਪੂਰ ਬੀਰ ਰਸਮਈ ਕਵੀਸ਼ਰੀ ਪੇਸ਼ ਕੀਤੀ ਗਈ, ਜਿਸ ਨੇ ਦਰਸ਼ਕਾਂ ਵਿੱਚ ਜਜ਼ਬਾ ਅਤੇ ਗੁਰਮਤੀ ਚੇਤਨਾ ਜਗਾਈ। ਸਮਾਗਮ ਦੇ ਤਹਿਤ ਵੱਖ-ਵੱਖ ਜਮਾਤਾਂ ਵਿੱਚ ਦਸਤਾਰ ਸਜਾਉਣ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀ ਏਕਮਜੋਤ ਸਿੰਘ ਨੇ ਪਹਿਲਾ ਸਥਾਨ ਦਿਲਸ਼ਾਂਤ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ ਅਤੇ ਛੋਟੀਆਂ ਜਮਾਤਾਂ ਵਿੱਚੋਂ ਗੁਰਮਨ ਸਿੰਘ ਅਤੇ ਗੁਰੁਮਾਨ ਸਿੰਘ ਨੇ ਪਹਿਲਾ ਸਥਾਨ, ਹਰਜੋਤ ਸਿੰਘ ਅਤੇ ਗੁਰਫਤਿਹ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ। ਸਮਾਗਮ ਦੇ ਅੰਤ ਵਿੱਚ ਅਕਾਲ ਅਕੈਡਮੀ ਬਹਿਕ ਫੱਤੂ ਦੇ ਪ੍ਰਿੰਸੀਪਲ ਮਨਦੀਪ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਵਿਸਾਖੀ ਦੇ ਇਤਿਹਾਸਕ ਅਤੇ ਧਾਰਮਿਕ ਮਹੱਤਵ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਬੱਚਿਆਂ ਨੂੰ ਸਿੱਖੀ ਦੇ ਰਾਹ ਤੇ ਤੁਰਨ ਦੀ ਪ੍ਰੇਰਣਾ ਦਿੱਤੀ।

# ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਸਥਿਤ ਕੰਪਿਊਟਰ ਇੰਸਟੀਚਿਊਟ ਵਿਖੇ ਕੋਰਸ ਪੂਰਾ ਕਰਨ ਵਾਲੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ, 21 ਅਪ੍ਰੈਲ (ਸ਼ਿਵ ਕੌੜਾ) ਫਗਵਾੜਾ ਦੇ ਸ੍ਰੀ ਵਿਸ਼ਵਕਰਮਾ ਮੰਦਿਰ ਬੰਗਾ ਰੋਡ ਵਿਖੇ ਚਲਾਏ ਜਾ ਰਹੇ ਕੰਪਿਊਟਰ ਇੰਸਟੀਚਿਊਟ ਵਿਖੇ ਵੱਖ-ਵੱਖ ਕੰਪਿਊਟਰ ਕੋਰਸ ਪੂਰੇ ਕਰਨ ਵਾਲੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਸਬੰਧ ਵਿੱਚ ਆਯੋਜਿਤ ਮੀਟਿੰਗ ਵਿੱਚ ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਅਤੇ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਪ੍ਰਦੀਪ ਧੀਮਾਨ ਵਿਸ਼ੇਸ਼ ਤੌਰ ‘ਤੇ ਮੌਜੂਦ ਸਨ। ਉਨ੍ਹਾਂ ਕੋਰਸ ਪੂਰਾ ਕਰਨ ਵਾਲੇ ਸਾਰੇ ਸਿਖਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਨਾਲ ਹੀ, ਉਨ੍ਹਾਂ ਆਪਣੇ ਸੰਬੋਧਨ ਵਿੱਚ ਕੰਪਿਊਟਰ ਸਿਖਲਾਈ ਦੀ ਮਹੱਤਤਾ ‘ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਅੱਜ ਦਾ ਯੁੱਗ ਤਕਨਾਲੋਜੀ ਅਤੇ ਆਈ.ਟੀ. ਦਾ ਹੈ। ਇਹ ਯੁੱਗ ਹੈ। ਮੌਜੂਦਾ ਸਮੇਂ ਵਿੱਚ ਕੰਪਿਊਟਰ ਸਿੱਖਿਆ ਨੂੰ ਸਫਲਤਾ ਦੀ ਕੁੰਜੀ ਕਿਹਾ ਜਾ ਸਕਦਾ ਹੈ। ਕਿਉਂਕਿ ਜੇਕਰ ਤੁਹਾਨੂੰ ਉੱਚ ਸਿੱਖਿਆ ਦੇ ਨਾਲ-ਨਾਲ ਕੰਪਿਊਟਰ ਦਾ ਗਿਆਨ ਹੈ, ਤਾਂ ਤੁਸੀਂ ਘਰ ਬੈਠੇ ਹੀ ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਲਈ ਕੰਮ ਕਰਕੇ ਚੰਗੀ ਆਮਦਨ ਕਮਾ ਸਕਦੇ ਹੋ। ਕਿਸੇ ਵੀ ਖੇਤਰ ਵਿੱਚ ਕੰਪਿਊਟਰ ਸਿਖਲਾਈ ਪ੍ਰਾਪਤ ਕਰਨ ਵਾਲੇ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇੰਨਾ ਹੀ ਨਹੀਂ, ਕੋਈ ਵੀ ਵਿਅਕਤੀ ਆਪਣੇ ਦੁਆਰਾ ਹਾਸਲ ਕੀਤੇ ਕੰਪਿਊਟਰ ਗਿਆਨ ਨੂੰ ਦੂਜਿਆਂ ਨਾਲ ਸਾਂਝਾ ਕਰਕੇ ਵੀ ਪੈਸਾ ਕਮਾ ਸਕਦਾ ਹੈ। ਇਸ ਮੌਕੇ ਸਭਾ ਦੇ ਸਰਪ੍ਰਸਤ ਰਮੇਸ਼ ਧੀਮਾਨ, ਜਸਪਾਲ ਸਿੰਘ ਲਾਲ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰਪਾਲ ਧੀਮਾਨ, ਗੁਰਨਾਮ ਸਿੰਘ ਜੁਤਲਾ, ਗੁਰਮੁਖ ਸਿੰਘ ਨਾਮਧਾਰੀ, ਸੁਖਵਿੰਦਰ ਸਿੰਘ ਕੁੰਦੀ, ਅਮਲੋਕ ਸਿੰਘ ਝੀਤਾ, ਰਜਿੰਦਰ ਸਿੰਘ ਰੂਪਰਾਏ, ਇੰਦਰਜੀਤ ਸਿੰਘ ਮਠਾੜੂ, ਨਰਿੰਦਰ ਸਿੰਘ ਭੱਚੂ ਅਤੇ ਦਫ਼ਤਰ ਇੰਚਾਰਜ ਬਲਵਿੰਦਰ ਸਿੰਘ ਰਤਨ ਆਦਿ ਹਾਜ਼ਰ ਸਨ।

# ਪੰਛੀਆਂ ਅਤੇ ਜਾਨਵਰਾਂ ਲਈ ਪਾਣੀ ਰੱਖੋ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਗਰਮੀ ਦਾ ਪ੍ਰਕੋਪ ਦਿਨ ਵ ਦਿਨ ਵੱਧਦਾ ਹੀ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਅਜੇ ਹੋਰ ਜਿਆਦਾ ਗਰਮੀ ਵਧੇਗੀ। ਜਿਆਦਾ ਗਰਮੀ ਕਾਰਨ ਹਰ ਵਰ੍ਹੇ ਪਿਆਸ ਕਾਰਨ ਅਨੇਕਾਂ ਪੰਛੀ ਅਤੇ ਹੋਰ ਜੀਵ ਜੰਤੂ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਇਹ ਧਰਤੀ ਇਕੱਲੇ ਮਨੁੱਖ ਲਈ ਨਹੀਂ ਹੈ। ਸਗੋਂ ਹੋਰ ਜੀਵ ਜੰਤੂਆਂ ਲਈ ਵੀ ਇਹ ਧਰਤੀ ਬਣੀ ਹੈ। ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ ਲਈ ਧਰਤੀ ਉੱਪਰ ਜੀਵ ਜੰਤੂਆਂ ਦਾ ਜੀਵਤ ਹੋਣਾ ਵੀ ਬਹੁਤ ਜਿਆਦਾ ਜ਼ਰੂਰੀ ਹੈ। ਆਉਣ ਵਾਲੇ ਦਿਨਾਂ ਵਿੱਚ ਜਿਆਦਾ ਗਰਮੀ ਤੋਂ ਬਚਾਉਣ ਲਈ ਸਾਨੂੰ ਸਭ ਨੂੰ ਪੰਛੀਆਂ ਅਤੇ ਹੋਰ ਜੀਵ ਜੰਤੂਆਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ। ਪਾਣੀ ਦੇ ਨਾਲ ਨਾਲ ਪੰਛੀਆਂ ਲਈ ਚੋਗਾ ਵੀ ਜ਼ਰੂਰ ਰੱਖਣਾ ਚਾਹੀਦਾ ਹੈ। ਇੱਕ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਗਰਮੀ ਕਰਕੇ ਬਾਜਰਾ ਚੋਗੇ ਵਿੱਚ ਸ਼ਾਮਿਲ ਨਹੀਂ ਕਰਨਾ ਚਾਹੀਦਾ, ਕਿਉਕਿ ਬਾਜਰਾ ਗਰਮ ਹੋਣ ਕਰਕੇ ਗਰਮੀ ਵਿੱਚ ਕਈ ਪੰਛੀ ਮਰ ਜਾਂਦੇ ਹਨ।

ਅੰਗਰੇਜ ਸਿੰਘ ਵਿੱਕੀ ਕੋਟਗੁਰੂ,

ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)

# ਡਾ. ਅੰਬੇਡਕਰ ਦੇ ਜਨਮ ਦਿਹਾੜੇ ਤੇ ਵੱਖ ਵੱਖ ਸਮਾਗਮਾਂ ਚ ਸ੍ਰੀ ਦਰਸ਼ਨ ਕਾਂਗੜਾ ਨੇ ਕੀਤੀ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,21 ਅਪ੍ਰੈਲ (ਜਗਸੀਰ ਲੌਂਗੋਵਾਲ) - ਦੇਸ਼ ਦੀ ਪ੍ਰਸਿੱਧ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਅੱਜ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਉਣ ਸਬੰਧੀ ਸੰਗਰੂਰ, ਸੁਨਾਮ, ਲਹਿਰਾਗਾਗਾ, ਧੂਰੀ, ਭਵਾਨੀਗੜ੍ਹ, ਬਰਨਾਲਾ ਆਦਿ ਜਗ੍ਹਾ ਤੇ ਰੱਖੇ ਵੱਖ ਵੱਖ ਪ੍ਰੋਗਰਾਮਾਂ ਵਿੱਚ ਸ਼ਿਰਕਤ ਕੀਤੀ ਜਿਥੇ ਉਨ੍ਹਾਂ ਸਭਨਾਂ ਨੂੰ ਬਾਬਾ ਸਾਹਿਬ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਦੱਬੇ ਕੁੱਚਲੇ ਤੇ ਲਿਤਾੜੇ ਹੋਏ ਲੋਕਾਂ ਲਈ ਇੱਕ ਮਸੀਹਾ ਬਣ ਕੇ ਆਏ ਜਿਨ੍ਹਾਂ ਉਨ੍ਹਾਂ ਲੋਕਾਂ ਦੀਆਂ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਉਨ੍ਹਾਂ ਨੂੰ ਵੀ ਆਜ਼ਾਦੀ ਦੀ ਜ਼ਿੰਦਗੀ ਜਿਊਣ ਦਾ ਅਧਿਕਾਰ ਦਿੱਤਾ ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜਿਨ੍ਹਾਂ ਨੇ ਸਵਿਧਾਨ ਦੀ ਰਚਨਾ ਕਰਕੇ ਦੇਸ਼ ਦੇ ਹਰ ਨਾਗਰਿਕ ਨੂੰ ਇੱਕ ਮਾਲਾ ਵਿੱਚ ਪਰੋ ਦਿੱਤਾ ਅਤੇ ਸਭਨਾਂ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਬਾਬਾ ਸਾਹਿਬ ਨੇ ਦਲਿਤਾਂ ਨੂੰ ਦਲਦਲ ਵਿਚੋਂ ਬਾਹਰ ਕੱਢਕੇ ਕੇ ਜ਼ੋ ਇੱਕ ਚੰਗੇ ਮੁਕਾਮ ਤੇ ਪਹੁੰਚਾਉਣ ਲਈ ਸੁਪਨਾ ਦੇਖਿਆ ਸੀ ਉਸ ਨੂੰ ਪੂਰਾ ਹੋਣ ਵਿੱਚ ਨਸ਼ੇ ਸਭ ਤੋਂ ਵੱਧ ਰੁਕਾਵਟ ਪੈਦਾ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਪ੍ਰਸ਼ਾਸਨ ਦਾ ਸਾਥ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਕੌਮੀ ਪ੍ਰਧਾਨ ਨੇ ਕਿਹਾ ਜੇਕਰ ਅਸੀਂ ਇਕੱਠੇ ਹੋ ਕੇ ਸਮਾਜ ਵਿਚੋਂ ਦੋ ਨਾਮੁਰਾਦ ਬਿਮਾਰੀਆਂ ਅਨਪੜ੍ਹਤਾ ਅਤੇ ਨਸ਼ਿਆਂ ਨੂੰ ਖਾਤਮ ਕਰ ਦੇਈਏ ਤਾਂ ਕੋਈ ਵੀ ਤਾਕਤ ਸਮਾਜ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਪਹੁੰਚਣ ਤੋਂ ਰੋਕ ਨਹੀਂ ਸਕਦੀ ਵੱਖ ਵੱਖ ਸਮਾਗਮਾਂ ਵਿੱਚ ਸ਼੍ਰੀ ਦਰਸ਼ਨ ਕਾਂਗੜਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਪਾਲ਼ੀ ਸਰਪੰਚ ਉਭਾਵਾਲ, ਜਗਸੀਰ ਸਿੰਘ ਖੈੜੀਚੰਦਵਾ, ਨਿਰਭੈ ਸਿੰਘ ਛੰਨਾ, ਬਲਵੀਰ ਸਿੰਘ,ਜਰਨੈਲ ਸਿੰਘ,ਅਮਨ ਸਿੱਖਨ, ਬਲਦੇਵ ਸਿੰਘ, ਸੁਰਿੰਦਰ ਕੁਮਾਰ, ਵਿਜੇ ਕੁਮਾਰ, ਅਨਮੋਲ, ਮਨੋਜ ਕੁਮਾਰ, ਹਰਵਿੰਦਰ ਸਿੰਘ, ਸ਼ਕਤੀ ਸਿੰਘ, ਕੇਵਲ ਸਿੰਘ ਆਦਿ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ’ਚੋਂ ਕੱਢ ਕੇ ਨਵੀਂ ਸਵੇਰ ਵੱਲ ਲਿਜਾਣਾ- ਸਿਹਤ ਮੰਤਰੀ ਬਲਬੀਰ ਸਿੰਘ*

## *ਜ਼ਿਲ੍ਹਾ ਮਾਨਸਾ ਦੇ ਨਸ਼ਾ ਮੁਕਤੀ ਤੇ ਪੁਨਰਵਾਸ ਕੇਂਦਰ ਲਈ 90 ਬਿਸਤਰੇ ਹੋਰ ਲਗਾਏ ਜਾਣਗੇ- ਸਿਹਤ ਮੰਤਰੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ, 21 ਅਪ੍ਰੈਲ: (ਆਤਮਾ ਸਿੰਘ ਪਮਾਰ)

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦਾ ਮਕਸਦ ਨਸ਼ਿਆਂ ਦਾ ਲੱਕ ਤੋੜ ਕੇ ਨੌਜਵਾਨਾਂ ਨੂੰ ਇਸ ਦਲਦਲ ’ਚੋਂ ਬਾਹਰ ਕੱਢਣਾ ਤੇ ਨਵੀਂ ਸਵੇਰ ਵੱਲ ਲਿਜਾਣਾ ਹੈ। ਪੰਜਾਬ ਸਰਕਾਰ ਨਸ਼ਿਆਂ ਖਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ, ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਸਿਹਤ ਮੰਤਰੀ ਪੰਜਾਬ ਸ੍ਰੀ ਬਲਬੀਰ ਸਿੰਘ ਨੇ ਸਥਾਨਕ ਬੱਚਤ ਭਵਨ ਵਿਖੇ ‘ਯੁੱਧ ਨਸ਼ਿਆ ਵਿਰੁੱਧ’ ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ ਦੀ ਕੀਤੀ ਗਈ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ, ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ, ਵਿਧਾਇਕ ਸਰਦੂਲਗੜ੍ਹ ਸ੍ਰ. ਗੁਰਪ੍ਰੀਤ ਸਿੰਘ ਬਣਾਂਵਾਲੀ, ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਐਸ.ਐਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ।

ਇਸ ਮੌਕੇ ਸਿਹਤ ਮੰਤਰੀ ਸ੍ਰੀ ਬਲਬੀਰ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਵੱਲੋਂ ਨਸ਼ਾ ਤਸਕਰਾਂ ’ਤੇ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਸ਼ੇ ਦੇ ਮਰੀਜ਼ ਨਸ਼ਾ ਛੱਡਣ ਲਈ ਡਾਕਟਰੀ ਸਹਾਇਤਾ ਲੈ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕੋਈ ਵੀ ਵਿਅਕਤੀ ਨਸ਼ੇ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਿਸੇ ਵੀ ਕੀਮਤ ’ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਵੀ ਵਿਅਕਤੀ ਨਸ਼ੇ ਛੱਡਣਾ ਚਾਹੁੰਦਾ ਹੈ ਉਸ ਲਈ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ ਜਿੱਥੇ ਨਾ ਕੇਵਲ ਨਸ਼ਾ ਛੁਡਵਾਇਆ ਜਾਂਦਾ ਹੈ ਬਲਕਿ ਲੋਕਾਂ ਨੂੰ ਉਨ੍ਹਾਂ ਦੇ ਭਵਿੱਖ ਸਬੰਧੀ ਵੀ ਮਾਰਗਦਰਸ਼ਨ ਕੀਤਾ ਜਾਂਦਾ ਹੈ।

ਡਾ .ਬਲਬੀਰ ਸਿੰਘ ਨੇ ਕਿਹਾ ਕਿ ਨਸ਼ੇ ਦੀ ਸਪਲਾਈ ਲਾਈਨ ਟੁੱਟੀ ਹੈ, ਜਿਸ ਕਾਰਨ ਪੀੜਤ ਇਲਾਜ਼ ਲਈ ਨਸ਼ਾ ਮੁਕਤੀ ਕੇਂਦਰਾਂ ’ਤੇ ਆ ਰਹੇ ਹਨ ਅਤੇ ਪਹਿਲਾਂ ਦੇ ਮੁਕਾਬਲੇ ਇਹ ਗਿਣਤੀ ਵੱਧਣ ਲੱਗੀ ਹੈ। ਇਸ ਲਈ ਸਰਕਾਰ ਵੱਲੋਂ ਰਾਜ ਵਿਚ ਨਸ਼ਾ ਮੁਕਤੀ ਕੇਂਦਰਾਂ ਅਤੇ ਪੁਨਰਵਾਸ ਕੇਂਦਰਾਂ ਵਿਚ ਬਿਸਤਰਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ ਜਿਸ ਤਹਿਤ ਮਾਨਸਾ ਵਿਖੇ ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰ ਲਈ 90 ਬਿਸਤਰੇ ਹੋਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਜ਼ਿਲ੍ਹਾ ਮਾਨਸਾ ’ਚ 20 ਨਵੇਂ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ ਜਿਸ ਵਿਚ 07 ਨੂੰ ਮਾਨਸਾ, 04 ਬੁਢਲਾਡਾ, 03 ਸਰਦੂਲਗੜ੍ਹ, 02 ਖਿਆਲਾ ਕਲਾਂ ਵਿਖੇ ਤਾਇਨਾਤ ਕੀਤਾ ਗਿਆ ਹੈ।

ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਬਿਹਤਰ ਜਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ’ਚ ਸਕਿੱਲ ਡਿਵੈਲਪਮੈਂਟ ਕੋਰਸ ਤੋਂ ਇਲਾਵਾ ਯੋਗਾ ਕਲਾਸਾਂ ਅਤੇ ਖੇਡ ਗਤੀਵਿਧੀਆਂ ਕਰਵਾਉਣ ਨੂੰ ਮੁੱਖ ਤਰਜੀਹ ਦਿੱਤੀ ਜਾਵੇ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਜ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਦੇ ਪੱਧਰ ਤੋਂ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਲਾਇਬ੍ਰੇਰੀਆਂ, ਖੇਡ ਮੈਦਾਨ, ਜਿੰਮ ਤੇ ਪਾਰਕ ਬਣਾਏ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਆਮ ਲੋਕਾਂ ਨੂੰ ਸਾਫ ਅਤੇ ਸ਼ੁੱਧ ਖਾਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਕੈਮਿਸਟਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਨਿਯਮਾਂ ਤੋਂ ਜਾਣੂ ਕਰਵਾਉਂਦਿਆਂ ਅਧਿਕਾਰਤ ਤੇ ਅਣਅਧਿਕਾਰਤ ਦਵਾਈਆਂ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਜੋ ਕਿਸੇ ਵੀ ਕੈਮਿਸਟ ’ਤੇ ਨਸ਼ੀਲੀ ਦਵਾਈ ਨਾ ਵੇਚੀ ਜਾ ਸਕੇ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਦਾ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਵਿੱਚ ਵਿਸ਼ਵਾਸ ਵੱਧ ਰਿਹਾ ਹੈ ਅਤੇ ਸਰਕਾਰ ਵਲੋਂ ਨਸ਼ਾ ਤਸਕਰਾਂ ’ਤੇ ਸ਼ਖਤ ਨਜ਼ਰਸਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐਨਰਜੀ ਡਰਿੰਕ ਸਿਹਤ ਲਈ ਬਹੁਤ ਹਾਨੀਕਾਰਕ ਹੈ ਜਿਸ ਨੂੰ ਸੂਬੇ ਦੇ ਸਕੂਲਾਂ ਵਿੱਚ ਪੂਰਨ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਨਸ਼ੇ ਤੋਂ ਪੀੜਤਾਂ ਦਾ ਸਰਕਾਰ ਵੱਲੋਂ ਮੁਫ਼ਤ ਇਲਾਜ ਕੀਤਾ ਜਾਵੇਗਾ ਪਰ ਨਸ਼ੇ ਦੀ ਤਸਕਰੀ ਵਿਚ ਲੱਗੇ ਲੋਕਾਂ ਨਾਲ ਕਾਨੂੰਨ ਕਰੜੇ ਹੱਥੀ ਨਜਿੱਠੇਗਾ ਅਤੇ ਅਜਿਹੇ ਲੋਕ ਆਪਣੇ ਅੰਤਿਮ ਮੁਕਾਮ ਤੱਕ ਜੇਲ੍ਹ ਜਾਣ ਲਈ ਤਿਆਰ ਰਹਿਣ। ਉਨ੍ਹਾਂ ਨੇ ਕਿਹਾ ਕਿ ਨਸ਼ਾ ਮੁਕਤ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਲਈ ਹਰ ਤਰ੍ਹਾਂ ਦੇ ਉਦਮ ਕੀਤੇ ਜਾ ਰਹੇ ਹਨ।

ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਚਰਨਜੀਤ ਸਿੰਘ ਅੱਕਾਂਵਾਲੀ, ਚੇਅਰਮੈਨ ਮਾਰਕਿਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ, ਵਧੀਕ ਡਿਪਟੀ ਕਮਿਸ਼ਨਰ ਆਕਾਸ਼ ਬਾਂਸਲ, ਐਸ.ਡੀ.ਐਮ. ਬੁਢਲਾਡਾ ਗਗਨਦੀਪ ਸਿੰਘ, ਐਸ.ਪੀ. ਜਸਕੀਰਤ ਸਿੰਘ, ਸਿਵਲ ਸਰਜਨ ਅਰਵਿੰਦ ਪਾਲ ਤੋਂ ਇਲਾਵਾ ਸਿਹਤ ਵਿਭਾਗ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਵੀ ਹਾਜ਼ਰ ਸਨ।

# ਪਿੰਡ ਹੀਉਂ ਵਿਖੇ ਸ਼ਹੀਦ ਭਗਤ ਸਿੰਘ ਸੁਪੋਰਟਸ ਕਲੱਬ ਵੱਲੋਂ ਕ੍ਰਿਕਟ ਟੂਰਨਾਮੈਂਟ ਜੋਸ਼ ੳ ਖਰੋਸ਼ ਨਾਲ਼ ਸ਼ੁਰੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਬੰਗਾ ( ਚਰਨਜੀਤ ਸੱਲ੍ਹਾ ) ਪਿੰਡ ਹੀਉਂ ਵਾਸੀ ਐਨ. ਆਰ. ਆਈ. ਭਰਾਵਾਂ ਦੇ ਵੱਡਮੁੱਲੇ ਸਹਿਯੋਗ ਨਾਲ਼ ਸ਼ਹੀਦ ਭਗਤ ਸਿੰਘ ਸੁਪੋਰਟਸ ਕਲੱਬ ਹੀਉਂ ਵੱਲ੍ਹੋਂ ਕਰਵਾਇਆ ਜਾ ਰਹੇ ਕ੍ਰਿਕਟ ਟੂਰਨਾਮੈਂਟ ਦਾ ਸ਼ੁਭ ਉਦਘਾਟਨ ਪਿੰਡ ਦੇ ਸਾਬਕਾ ਸਰਪੰਚ ਤਰਸੇਮ ਲਾਲ ਝੱਲੀ ਅਤੇ ਪਿੰਡ ਦੇ ਮੌਜੂਦਾ ਪੰਚਾਇਤ ਮੈਂਬਰਾਂ ਵੱਲ੍ਹੋਂ ਕੀਤਾ ਗਿਆ। ਤਕਰੀਬਨ ਹਫ਼ਤਾ ਭਰ ਪਿੰਡ ਹੀਉਂ ਦੇ ਖੇਡ ਮੈਦਾਨ ਵਿੱਚ ਚੱਲਣ ਵਾਲ਼ੇ ਇਸ ਟੂਰਨਾਮੈਂਟ ਵਿੱਚ ਇਲਾਕੇ ਭਰ ਤੋਂ ਪਹਿਲਾਂ ਹਾਜ਼ਰ ਹੋਣ ਵਾਲ਼ੀਆਂ ਅੱਠ ਟੀਮਾਂ ਭਾਗ ਲੈ ਸਕਣਗੀਆਂ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਡਾ. ਨਰੇਸ਼ ਪਾਲ ਸੋਨਾ ਅਤੇ ਨੌਜਵਾਨ ਵਿੱਕੀ ਪਾਲ ਨੇ ਪ੍ਰੈਸ ਨੂੰ ਦੱਸਿਆ ਕਿ ਟੂਰਨਾਮੈਂਟ ਦੌਰਾਨ ਜੇਤੂ ਰਹਿਣ ਵਾਲ਼ੀ ਟੀਮ ਨੂੰ 8100 ਰੁ. ਇਨਾਮ ਰਾਸ਼ੀ ਵਜੋਂ ਦਿੱਤੇ ਜਾਣਗੇ। ਟੂਰਨਾਮੈਂਟ ਦੇ ਪਹਿਲੇ ਦਿਨ ਉਦਘਾਟਨੀਂ ਰਸਮਾਂ ਦੌਰਾਨ ਲੰਬੜਦਾਰ ਸੱਤਿਆ ਝੱਲੀ, ਸੈਕਟਰੀ ਸੋਹਣ ਲਾਲ ਝੱਲੀ, ਸਾਬਕਾ ਪੰਚ ਬਲਵਿੰਦਰ ਪਾਲ, ਕਾਮਰੇਡ ਦਵਿੰਦਰ ਹੀਉਂ, ਮਾ. ਰਾਜ ਹੀਉਂ ਮੌਜੂਦਾ ਪੰਚ ਹਰਨੇਕ ਸਿੰਘ ਨੇਕੀ, ਰਣਜੀਤ ਸਿੰਘ ਬਾਲੀ, ਸੁਖਵਿੰਦਰ ਸਿੰਘ ਹੈਪੀ, ਰਾਮ ਲੁਭਾਇਆ, ਪਰਮਜੀਤ ਕੌਰ, ਇੰਦਰਜੀਤ ਸਿੰਘ ਰਣਜੀਤ ਕੌਰ ਅਤੇ ਹਰਭਜਨ ਕੌਰ ਹਾਜ਼ਰ ਸਨ।

# ਸੂਬਾ ਸਰਕਾਰ ਵੱਲੋਂ ਸਕੂਲਾਂ ’ਚ ਲਿਆਂਦੀਆਂ ਜਾ ਰਹੀਆਂ ਹਨ ਕ੍ਰਾਂਤੀਕਾਰੀ ਤਬਦੀਲੀਆਂ : ਸੁਖਬੀਰ ਸਿੰਘ ਮਾਈਸਰਖਾਨਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com



ਬਠਿੰਡਾ 21 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਰਗੁਰ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਂਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਝੁੰਡਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ “ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ” ਸਮਾਗਮ ’ਚ ਸ਼ਿਰਕਤ ਕਰਨ ਮੌਕੇ ਕੀਤਾ।

ਇਸ ਦੌਰਾਨ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਦੇ ਨਾਲ ਵਿਦਿਆਰਥੀਆਂ ਨੂੰ ਖੇਡਾਂ ਦੇ ਨਾਲ ਜੋੜਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਵਿਦਿਆਰਥੀ ਖੇਡਾਂ ਵਿੱਚ ਵੀ ਵਿਸ਼ੇਸ਼ ਉਪਲੱਬਧੀਆਂ ਹਾਸਲ ਕਰ ਸਕਣ।

ਉਨ੍ਹਾਂ ਅੱਗੇ ਦੱਸਿਆ ਕਿ ਸੂਬਾ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਕੇ ਚੰਗੀ ਮੁਹਾਰਤ ਹਾਸਲ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁੰਡਕੇ ਤੋਂ ਇਲਾਵਾ ਰਾਮਗੜ੍ਹ ਭੁੰਦੜ ਅਤੇ ਬੁਰਜ ਮਾਨਸਾ ਵਿਖੇ ਸਰਕਾਰੀ ਸਕੂਲਾਂ ਦੇ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਸਕੂਲਾਂ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੀ ਪੰਚਾਇਤਾਂ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਮਾਨ ਨੇ ਉੱਚਾ ਪਿੰਡ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਏ ਵਿਕਾਸ ਦੇ ਕੰਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com



ਫਗਵਾੜਾ 21 ਅਪ੍ਰੈਲ (ਸ਼ਿਵ ਕੌੜਾ) ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪਿੰਡਾਂ ਅਤੇ ਸ਼ਹਿਰਾਂ ਦੇ ਕਰਵਾਏ ਜਾ ਰਹੇ ਸਰਬ ਪੱਖੀ ਵਿਕਾਸ ਅਧੀਨ ਅੱਜ ਫਗਵਾੜਾ ਵਿਧਾਨਸਭਾ ਹਲਕੇ ਦੇ ਉੱਚਾ ਪਿੰਡ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵੱਖ ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵੱਲੋਂ ਕਰਵਾਈ ਗਈ। ਇਸ ਮੌਕੇ ਉਹਨਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਵਿਕਾਸ ਦੇ ਜੋ ਵੀ ਕੰਮ ਅਧੂਰੇ ਹਨ ਉਹਨਾਂ ਨੂੰ ਪਹਿਲ ਦੇ ਅਧਾਰ ਤੇ ਨੇਪਰੇ ਚਾੜ੍ਹਿਆ ਜਾਵੇਗਾ। ਵਿਕਾਸ ਕਾਰਜ ਤੈਅ ਸਮੇਂ ’ਚ ਪੂਰੇ ਹੋਣਗੇ ਅਤੇ ਕੰਮ ਵਿਚ ਪੂਰੀ ਪਾਰਦਰਸ਼ਿਤਾ ਵਰਤੀ ਜਾਵੇਗੀ। ਉਹਨਾਂ ਦੱਸਿਆ ਕਿ ਫਗਵਾੜਾ ਹਲਕੇ ਦੇ ਸਾਰੇ ਪਿੰਡਾਂ ਅਤੇ ਸ਼ਹਿਰ ਦੇ ਹਰੇਕ ਵਾਰਡ ਵਿਚ ਜੰਗੀ ਪੱਧਰ ਤੇ ਲੋੜੀਂਦੇ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਇਸ ਤੋਂ ਪਹਿਲਾਂ ਜੋਗਿੰਦਰ ਸਿੰਘ ਮਾਨ ਅਤੇ ਉਹਨਾਂ ਦੇ ਸਾਥੀਆਂ ਦਾ ਪਿੰਡ ਪੁੱਜਣ ’ਤੇ ਸਰਪੰਚ ਸੁਖਵਿੰਦਰ ਸਿੰਘ ਟੋਨੀ ਦੀ ਅਗਵਾਈ ਹੇਠ ਸਮੁੱਚੀ ਪੰਚਾਇਤ ਅਤੇ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ, ਗੁਰਦੀਪ ਸਿੰਘ ਦੀਪਾ, ਸੁਖਵਿੰਦਰ ਸਿੰਘ ਟੋਨੀ ਸਰਪੰਚ, ਜਗਦੇਵ ਸਿੰਘ ਪੰਚ, ਜਸਵਿੰਦਰ ਸਿੰਘ ਪੰਚ, ਸੁੱਚਾ ਰਾਮ ਪੰਚ, ਪ੍ਰੇਮਿਲਾ ਕੁਮਾਰੀ ਪੰਚ, ਦਰਸ਼ੀ, ਰਾਜ ਕੁਮਾਰ, ਹਰਬੰਸ ਲਾਲ, ਸੰਜੀਵ ਸੁਮਨ, ਪਰਮਜੀਤ ਸਿੰਘ, ਮਲੂਕਾ ਰਾਮ ਆਦਿ ਹਾਜ਼ਰ ਸਨ।

# ਆਧੁਨਿਕ ਸੁਵਿਧਾਵਾਂ ਨਾਲ ਲੈਸ ਹੋ ਰਹੇ ਹਨ ਪੰਜਾਬ ਦੇ ਸਰਕਾਰੀ ਸਕੂਲ : ਜੈ ਕ੍ਰਿਸ਼ਨ ਸਿੰਘ ਰੌੜੀ

## ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਿੱਖਿਆ ਦੇ ਖੇਤਰ ਵਿਚ ਹੋਏ ਕ੍ਰਾਂਤੀਕਾਰੀ ਬਦਲਾਅ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com



ਗੜ੍ਹਸ਼ੰਕਰ21 ਅਪ੍ਰੈਲ :(ਬਲਵੀਰ ਚੌਪੜਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਦੇ ਸਰਕਾਰੀ ਸਕੂਲਾਂ ਨੂੰ ਅਤਿਆਧੁਨਿਕ ਸੁਵਿਧਾਵਾਂ ਨਾਲ ਲੈਸ ਕਰ ਰਹੀ ਹੈ। ਕਈ ਸਕੂਲਾਂ ਦੀ ਕਾਇਆਕਲਪ ਹੋ ਚੁੱਕੀ ਹੈ ਅਤੇ ਬਾਕੀ ਵੀ ਉਚ ਪੱਧਰੀ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਸਰਕਾਰ ਲਗਾਤਾਰ ਯਤਨਸ਼ੀਲ ਹੈ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰੋੜਾਂ ਰੁਪਏ ਦੀ ਗਰਾਂਟ ਨਾਲ ਸਕੂਲਾਂ ਨੂੰ ਆਧੁਨਿਕ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ।

ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 7 ਸਰਕਾਰੀ ਸਕੂਲਾਂ ਵਿਚ 45.69 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕੰਮਾਂ ਦੇ ਉਦਘਾਟਨ ਦੌਰਾਨ ਕਹੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਗਏ ਸ਼ਲਾਘਾਯੋਗ ਕੰਮਾਂ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਵਿਚ ਦਾਖਲਿਆਂ ਵਿਚ ਵੀ ਵਾਧਾ ਹੋਇਆ ਹੈ।

ਡਿਪਟੀ ਸਪੀਕਰ ਨੇ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਇਬਰਾਹਿਮਪੁਰ ਵਿਚ ਇਮਾਰਤ ਦੇ ਨਵੀਨੀਕਰਨ, ਸਰਕਾਰੀ ਪ੍ਰਾਇਮਰੀ ਸਕੂਲ ਪਨਾਮ ਵਿਚ ਚਾਰਦੀਵਾਰੀ ਅਤੇ ਕਲਾਸ ਰੂਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਨਾਮ ਸਾਇੰਸ ਲੈਬਾਰਟਰੀ, ਸਰਕਾਰੀ ਪ੍ਰਾਇਮਰੀ ਸਕੂਲ ਚੱਕ ਫੁਲੂ ਕਲਾਸ ਰੂਮ ਦੇ ਨਿਰਮਾਣ, ਸਰਕਾਰੀ ਪ੍ਰਾਇਕਿਰੀ ਸਕੂਲ ਸਮੁੰਦੜਾ ਵਿਚ ਚਾਰਦੀਵਾਰੀ ਅਤੇ ਕਲਾਸ ਰੂਮ ਦੇ ਨਿਰਮਾਣ, ਸਰਕਾਰੀ ਪ੍ਰਾਇਮਰੀ ਸਕੂਲ ਧਮਾਈ ਵਿਖੇ ਚਾਰਦੀਵਾਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਚ ਬਣਾਏ ਗਏ ਕਲਾਸ ਰੂਮ ਦਾ ਉਦਘਾਟਨ ਕੀਤਾ।

ਜੈ ਕ੍ਰਿਸ਼ਨ ਸਿੰਘ ਰੌੜੀ ਨੇ ਦੱਸਿਆ ਕਿ ਹੁਣ ਸਰਕਾਰੀ ਸਕੂਲਾਂ ਵਿਚ ਸਾਫ਼-ਸੁਥਰਾ ਪਾਣੀ, ਬਿਜਲੀ ਵਰਗੀਆਂ ਬੁਨਿਆਦੀ ਸੁਵਿਧਾਵਾਂ ਦੇ ਨਾਲ-ਨਾਲ ਸਮਾਰਟ ਕਲਾਸ ਰੂਮ, ਸਾਇੰਸ ਲੈਬਾਰਟਰੀ, ਖੇਡ ਮੈਦਾਨ ਅਤੇ ਸੁੰਦਰ ਇਮਾਰਤਾਂ ਵਰਗੀਆਂ ਆਧੁਨਿਕ ਸੁਵਿਧਾਵਾਂ ਵੀ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ। ਇਸ ਨਾਲ ਸਕੂਲਾਂ ਦੀ ਦਿਖ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਬਹੁਤ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਲਈ ਵਧੀਆ ਵਾਤਾਵਰਣ ਮਿਲ ਰਿਹਾ ਹੈ ਤਾਂ ਜੋ ਉਹ ਮੁਕਾਬਲੇਬਾਜ਼ੀ ਪ੍ਰੀਖਿਆ ਵਿਚ ਹਿੱਸਾ ਲੈ ਕੇ ਰਾਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਸਿੱਖਿਆ ਦੇ ਆਧਾਰ ’ਤੇ ਹੀ ਦੇਸ਼ ਦੀ ਤਰੱਕੀ ਨਿਰਭਰ ਕਰਦੀ ਹੈ : ਚੇਅਰਮੈਨ ਰਾਕੇਸ਼ ਪੁਰੀ

## ਸਰਕਾਰੀ ਸਕੂਲਾਂ ਵਿਚ ਮਾਪਿਆਂ ਦਾ ਵਿਸ਼ਵਾਸ ਕਾਇਮ ਕਰਨਾ ਸਿੱਖਿਆ ਕ੍ਰਾਂਤੀ ਦਾ ਮੰਤਵ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com



ਬਠਿੰਡਾ, 21 ਅਪ੍ਰੈਲ (ਅੰਗਰੇਜ ਸਿੰਘ ਵਿੱਕੀ/ਬਲਜੀਤ ਸਿੰਘ ਕੇਟਰਗੁਰ)- ਸਿੱਖਿਆ ਦੇ ਆਧਾਰ ’ਤੇ ਹੀ ਦੇਸ਼ ਦੀ ਤਰੱਕੀ ਨਿਰਭਰ ਕਰਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ, ਪੰਜਾਬ ਜੰਗਲਾਤ ਵਿਭਾਗ ਸ੍ਰੀ ਰਾਕੇਸ਼ ਪੁਰੀ ਨੇ ਸਰਕਾਰੀ ਹਾਈ ਅਤੇ ਪ੍ਰਾਇਮਰੀ ਸਕੂਲਾ ਕਟਾਰ ਸਿੰਘ ਵਾਲਾ ਅਤੇ ਸਰਕਾਰੀ ਹਾਈ ਅਤੇ ਪ੍ਰਾਇਮਰੀ ਸਕੂਲ ਭਾਗੂ ਵਿਖੇ ਸਿੱਖਿਆ ਕ੍ਰਾਂਤੀ ਦੇ ਮੱਦੇਨਜ਼ਰ ਸਕੂਲ ਦੇ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਇਸ ਮੌਕੇ ਚੇਅਰਮੈਨ ਰਾਕੇਸ਼ ਪੁਰੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਉਨ੍ਹਾਂ ਕਿਹਾ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਸਰਕਾਰ ਵੱਲੋਂ ਬਜ਼ਟ ਵਿਚ ਸਿੱਖਿਆ ਲਈ 17 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ ਜਿਸ ਰਾਹੀਂ ਸਰਕਾਰੀ ਸਕੂਲਾਂ ਵਿਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੌਰਾਨ ਸਰਕਾਰੀ ਸਕੂਲਾਂ ਵਿਚ ਇਨਕਲਾਬੀ ਬਦਲਾਅ ਵਿਖਾਉਣ ਲਈ ਅਸੀਂ ਮਾਪਿਆਂ ਦੇ ਰੂ-ਬ-ਰੂ ਹੋ ਰਹੇ ਹਾਂ ਤਾਂ ਕਿ ਮਾਪਿਆਂ ਦਾ ਸਰਕਾਰੀ ਸਕੂਲਾਂ ਵਿਚ ਵਿਸਵਾਸ਼ ਕਾਇਮ ਹੋਵੇ ਅਤੇ ਹਰ ਬੱਚਾ ਸਰਕਾਰੀ ਸਕੂਲਾਂ ਵਿਚ ਦਾਖਲਾ ਲੈ ਕੇ ਪੜ੍ਹਾਈ ਕਰ ਸਕੇਗਾ। ਇਸ ਮੌਕੇ ਚੇਅਰਮੈਨ ਸ੍ਰੀ ਰਾਕੇਸ਼ ਪੁਰੀ ਨੇ ਕਿਹਾ ਕਿ ਜਿਥੇ ਸਕੂਲਾਂ ਦੀਆਂ ਚਾਰਦੀਵਾਰੀਆਂ ਬਣਾਉਣ ਨਾਲ ਸਕੂਲ ਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ ਉੱਥੇ ਹੀ ਸਮਾਰਟ ਕਲਾਸਰੂਮ, ਲਾਇਬ੍ਰੇਰੀਆਂ ਅਤੇ ਬੁਨਿਆਦੀ ਢਾਂਚੇ ਤੋਂ ਇਲਾਵਾ ਚੰਗੇ ਅਧਿਆਪਕ ਤੇ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# *ਵਿਜੀਲੈਂਸ ਬਿਉਰੋ ਨੇ ਏਟੀਪੀ, ਆਰਕੀਟੈਕਟ ਨੂੰ 50000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ*

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com



ਫਗਵਾੜਾ 21 ਅਪ੍ਰੈਲ,(ਸ਼ਿਵ ਕੌੜਾ) ਪੰਜਾਬ ਵਿਜੀਲੈਂਸ ਬਿਊਰੋ (ਵੀਬੀ) ਨੇ ਸੋਮਵਾਰ ਨੂੰ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਰਾਜ ਕੁਮਾਰ, ਸਹਾਇਕ ਟਾਊਨ ਪਲੈਨਰ (ਏਟੀਪੀ), ਨਗਰ ਨਿਗਮ, ਫਗਵਾੜਾ ਅਤੇ ਰਾਜੇਸ਼ ਕੁਮਾਰ, ਫਗਵਾੜਾ ਦੇ ਇੱਕ ਪ੍ਰਾਈਵੇਟ ਆਰਕੀਟੈਕਟ ਨੂੰ 50000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਪਰੋਕਤ ਦੋਸ਼ੀ ਨੂੰ ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਪਰੋਕਤ ਆਰਕੀਟੈਕਟ ਨੇ ਟਾਊਨ ਪਲਾਨਰ ਤੋਂ ਆਪਣੇ ਘਰ ਦੇ ਨਕਸ਼ੇ ਦੀ ਪ੍ਰਵਾਨਗੀ ਲੈਣ ਲਈ 1,50,000 ਰੁਪਏ ਦੀ ਰਿਸ਼ਵਤ ਮੰਗੀ ਸੀ ਪਰ ਸੌਦਾ 50000 ਰੁਪਏ ਵਿੱਚ ਤੈਅ ਹੋਇਆ ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਜਲੰਧਰ ਰੇਂਜ ਦੀ ਇੱਕ ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਆਰਕੀਟੈਕਟ ਅਤੇ ਏਟੀਪੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 50000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕਰ ਲਿਆ ਗਿਆ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਤਨਖਾਹਾਂ ਨੂੰ ਤਰਸੇ ਅਧਿਆਪਕ -ਅਮਨਦੀਪ ਸ਼ਰਮਾ

## ਖਜ਼ਾਨਾ ਅਫਸਰ ਨੂੰ ਮਿਲਿਆ ਅਧਿਆਪਕਾਂ ਦਾ ਵਫਦ- ਗੁਰਜੰਟ ਸਿੰਘ ਬੱਛੋਆਣਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 94636 01616 hardipchumber57@gmail.com

ਮਾਨਸਾ 21(ਆਤਮਾ ਸਿੰਘ ਪਮਾਰ)

ਅਪ੍ਰੈਲ ਮਹੀਨੇ ਦਾ ਆਖਰੀ ਹਫਤਾ ਚੱਲ ਰਿਹਾ ਹੈ, ਅਤੇ ਮਹੀਨਾ ਲੰਘਣ ਨੂੰ ਆਇਆ ਹੋਇਆ ਹੈ ਪ੍ਰੰਤੂ ਅਧਿਆਪਕਾਂ ਅਧਿਆਪਕਾਂ ਦੀਆਂ ਤਨਖਾਹਾਂ ਦੇ ਬਿਲ ਅਜੇ ਵੀ ਖਜ਼ਾਨਾ ਦਫਤਰਾਂ ਵਿਚ ਰੁਲ ਰਹੇ ਹਨ। ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ

ਅਪ੍ਰੈਲ ਦਾ ਸਾਰਾ ਮਹੀਨਾ ਲੰਘਣ ਨੂੰ ਆਇਆ ਹੈ ਪਰੰਤੂ ਅਜੇ ਵੀ ਅਧਿਆਪਕ ਤਨਖਾਹਾਂ ਤੋਂ ਵਾਂਝੇ ਹਨ। ਉਹਨਾਂ ਪੰਜਾਬ ਸਰਕਾਰ ਤੋਂ ਅਧਿਆਪਕਾਂ ਦੀਆਂ ਤਨਖਾਹਾਂ ਦੇ ਬਿਲ ਤੁਰੰਤ ਪਾਸ ਕਰਨ ਦੀ ਮੰਗ ਕੀਤੀ ਹੈ।

ਜੱਥੇਬੰਦੀ ਦੇ ਸੂਬਾਈ ਪ੍ਰਚਾਰ ਸਕੱਤਰ ਗੁਰਜੰਟ ਸਿੰਘ ਬੱਛੋਆਣਾ ਨੇ ਕਿਹਾ ਕਿ ਅੱਜ ਜਥੇਬੰਦੀ ਦਾ ਇੱਕ ਵਫ਼ਦ ਜ਼ਿਲ੍ਹਾ ਖਜ਼ਾਨਾ ਅਫਸਰ ਨੂੰ ਮਿਲਿਆ। ਅਧਿਕਾਰੀ ਨੇ ਕਿਹਾ ਕਿ 15 ਅਪ੍ਰੈਲ ਤੱਕ ਦੇ ਟੋਕਨ ਲੱਗੇ ਸਾਰੇ ਬਿੱਲ ਕਲੀਅਰ ਹੋ ਗਏ ਹਨ ਅਤੇ ਬਾਕੀ ਬਿੱਲ ਕੱਲ ਕਲੀਅਰ ਹੋਣ ਦੀ ਸੰਭਾਵਨਾ ਹੈ।

ਮੁੱਖ ਅਧਿਆਪਕ ਜਥੇਬੰਦੀ ਪੰਜਾਬ ਵੱਲੋਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਅਧਿਆਪਕਾਂ ਦੀਆਂ ਤਨਖਾਹਾਂ ਦੇ ਬਿਲ ਤੁਰੰਤ ਕਲੀਅਰ ਕੀਤੇ ਜਾਣ।



ਇਸ ਸਮੇਂ ਹਰਭਜਨ ਸਿੰਘ, ਜਗਤਾਰ ਸਿੰਘ ਔਲਖ,ਰਾਮਨਾਥ ਧੀਰਾ, ਦਰਸ਼ਨ ਸਿੰਘ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ।

# ਸ਼ੇਖ ਫਰੀਦ ਨੇ ਵਿਸ਼ਵ ਵਿੱਚ ਮਾਨਵਤਾਵਾਦੀ ਆਦਰਸ਼ਾਂ ਅਤੇ ਸੂਫ਼ੀ ਪ੍ਰੰਪਰਾਵਾਂ ਨੂੰ ਮਜ਼ਬੂਤ ਕੀਤਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬੀ ਸਾਹਿਤ ਦਾ ਪਿਤਾਮਾ-ਸ਼ੇਖ ਫਰੀਦ ਨਾਲ ਜਾਣਿਆ ਜਾਦਾਂ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਦੇ ਮੋਢੀਆਂ ਵਿੱਚ ਸ਼ੇਖ ਫਰੀਦ-ਉਦ-ਦੀਨ ਮਸੂਦ ਨੂੰ 'ਗੰਜ-ਏ-ਸ਼ੱਕਰ' ਦੇ ਨਾਮ ਲਿਆ ਜਾਦਾਂ ਭਾਵ ਉਹਨਾਂ ਦਾ ਮਹੱਤਵਪੂਰਨ ਸਥਾਨ ਹੈ।ਉਹ 1173 ਤੋਂ 1265 ਈਸਵੀ ਤੱਕ ਪੰਜਾਬ ਵਿੱਚ ਰਹੇ।ਉਹ ਇੱਕ ਸਮਰਪਿਤ ਦਰਵੇਸ਼ ਸੀ ਜਿਸਨੇ ਆਪਣਾ ਜੀਵਨ ਪਰਮਾਤਮਾ ਨਾਲ ਇੱਕ ਹੋਣ ਦੀ ਕੋਸ਼ਿਸ਼ ਵਿੱਚ ਬਿਤਾਇਆ।ਸ਼ੇਖ ਫਰੀਦ ਜਿੰਨਾਂ ਨੂੰ ਬਾਬਾ ਫਰੀਦ ਦੇ ਨਾਮ ਨਾਲ ਵੀ ਜਾਣਿਆ ਜਾਦਾਂ ਉਹਨਾਂ ਦੇ ਸ਼ਲੋਕ ਪੜਨ ਤੇ ਪੱਤਾ ਚਲਦਾ ਹੈ ਕਿ ਉਹ ਉਹ ਇੱਕ ਪ੍ਰਮੁੱਖ ਅਤੇ ਪ੍ਰਸਿੱਧ ਨੈਤਿਕ ਅਤੇ ਅਧਿਆਤਮਿਕ ਗੁਰੂ ਸਨ। ਪੰਜਾਬ ਦੇ ਲੋਕ ਲਗਭਗ ਅੱਠ ਸਦੀਆਂ ਤੋਂ ਉਨ੍ਹਾਂ ਦੇ ਪਵਿੱਤਰ ਨਾਮ ਦਾ ਸਤਿਕਾਰ ਕਰਦੇ ਆਏ ਹਨ।

ਸ਼ੇਖ ਫਰੀਦ ਸੂਫ਼ੀਆਂ ਦੇ ਚਿਸ਼ਤੀ ਸੰਪਰਦਾਇ ਨਾਲ ਸਬੰਧਤ ਸਨ।ਚਿਸ਼ਤੀ ਸੰਪਰਦਾਇ ਸੂਫੀਆਂ ਦੀ ਇੱਕ ਜਮਾਤ ਹੈ ਜਿਸ ਦੇ ਸੰਸਥਾਪਕਾ ਸ਼ੇਖ ਫਰੀਦ ਜੀ ਦੇ ਅਧਿਆਤਮਿਕ ਗੁਰੂ ਖਵਾਜਾ ਕੁਤੁਬੁੱਦੀਨ ਬਖਤਿਆਰ ਕਾਕੀ ਜੀ ਸਨ।ਉਸ ਸਮੇਂ ਦੇ ਇੱਕ ਮਹੱਤਵਪੂਰਨ ਘਟਨਾ ਦਾ ਵਰਣਨ ਕਰਦੀ ਹੈ ਜਦੋਂ ਉਹ ਆਪਣੇ ਗੁਰੂ ਆਪਣੇ ਮਾਲਕ ਦੇ ਇਸ਼ਨਾਨ ਲਈ ਗਰਮ ਪਾਣੀ ਦਾ ਪ੍ਰਬੰਧ ਕਰਦੇ ਸਨ।ਇੱਕ ਦਿਨ ਬਹੁਤ ਹੀ ਸਰਦ ਅਤੇ, ਤੂਫ਼ਾਨੀ ਰਾਤ ਨੂੰ, ਉਸਨੂੰ ਅਹਿਸਾਸ ਹੋਇਆ ਕਿ ਉਸਦੇ ਕੋਲ ਅੱਗ ਬਾਲਣ ਦਾ ਕੋਈ ਤਰੀਕਾ ਨਹੀਂ ਸੀ, ਕਿਉਂਕਿ ਆਲੇ ਦੁਆਲੇ ਦੀ ਹਰ ਚੀਜ਼ ਜਾਂ ਤਾਂ ਠੰਡੀ ਅਤੇ ਨਮੀ ਵਾਲੀ ਸੀ ਜਾਂ ਗਿੱਲੀ ਸੀ। ਇਸ ਲਈ ਉਹ ਅੱਗ ਦੀ ਭਾਲ ਵਿੱਚ ਪਵਿੱਤਰ ਸਥਾਨ ਤੋਂ ਬਾਹਰ ਨਿਕਲ ਗਏ।ਉਹ ਹਨੇਰੀ ਬਰਸਾਤੀ ਰਾਤ ਵਿੱਚ ਅੱਗ ਦੀ ਭਾਲ ਵਿੱਚ ਦੂਰ ਨਿਕਲ ਗਏ।ਆਖਰ ਇੱਕ ਮਕਾਨ ਵਿੱਚ ਰੋਸ਼ਨੀ ਨੂੰ ਦੇਖਕੇ ਉਹਨਾਂ ਦਰਵਾਜਾ ਖੜਕਾਇਆ।ਉਹ ਵੇਸਵਾ ਦਾ ਘਰ ਸੀ।ਉਸ ਵੇਸਵਾ ਨੇ ਉਸ ਦੇ ਆਉਣ ਦਾ ਕਾਰਣ ਪੁੱਛਿਆ ਜਦੋਂ ਬਾਬਾ ਜੀ ਨੇ ਅੱਗ ਦੀ ਮੰਗ ਕੀਤੀ ਤਾਂ ਉਸ ਵੇਸਵਾ ਨੇ ਅਜੀਬ ਮੰਗ ਰੱਖ ਦਿੱਤੀ ਕਿ ਅੱਗ ਦੇ ਬਦਲੇ ਵਿੱਚ ਮੈਨੂੰ ਇੱਕ ਅੱਖ ਚਾਹੀਦੀ ਹੈ।ਬਾਬਾ ਫਰੀਦ ਜੀ ਨੇ ਵੇਸਵਾ ਤੋਂ ਚਾਕੂ ਲੇਕੇ ਆਪਣੀ ਅੱਖ ਕੱਢ ਕੇ ਦੇ ਦਿੱਤੀ ਅਤੇ ਅੱਗ ਲੇਕੇ ਵਾਪਸ ਆ ਗਏ।ਸਵੇਰ ਦੇ ਸਮੇਂ ਅਨੁਸਾਰ ਉਹਨਾਂ ਨੇ ਆਪਣੇ ਗੁਰੂ ਨੂੰ ਇਸ਼ਨਾਨ ਲਈ ਪਾਣੀ ਗਰਮ ਕਰਕੇ ਦਿੱਤਾ।ਸਵੇਰ ਸਮੇ ਜਦੋਂ ਗੁਰੂ ਆਪਣੇ ਸੇਵਕਾਂ ਨੂੰ ਪ੍ਰਵਚਨ ਕਰ ਰਹੇ ਸਨ ਤਾਂ ਸ਼ੇਖ ਫਰੀਦ ਉਥੇ ਆ ਗਏ ਉਹਨਾਂ ਦੀ ਅੱਖ ਤੇ ਪੱਟੀ ਬੰਨੀ ਹੋਈ ਸੀ ਅਤੇ ਉਸ ਵਿੱਚੋਂ ਖੂਨ ਵੱਗ ਰਿਹਾ ਸੀ।ਗੁਰੂ ਦੇ ਪੁੱਛਣ ਤੇ ਸ਼ੇਖ ਫਰੀਦ ਨੇ ਕਿਹਾ ਕਿ ਮੇਰੀ ਅੱਖ ਆਈ ਹੈ ਭਾਵ ਪਾਣੀ ਵੱਗ ਰਿਹਾ ਹੈ।ਗੁਰੂ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਸਹੀ ਗੱਲ ਤੇਰੀ ਅੱਖ ਆ ਗਈ ਹੈ।ਜਦੋਂ ਫਰੀਦ ਜੀ ਨੇ ਆਪਣੀ ਪੱਟੀ ਖੋਲੀ ਅਤੇ ਕਪੜੇ ਨਾਲ ਅੱਖ ਸਾਫ ਕੀਤੀ ਤਾਂ ਵਾਕਿਆ ਹੀ ਨਵੀ ਅੱਖ ਆ ਗਈ ਸੀ।ਉਨਾਂ ਸ਼ੇਖ ਫਰੀਦ ਨੂੰ ਕਿਹਾ ਕਿ ਇਹ ਅੱਖ ਪਹਿਲਾਂ ਵਾਲੀ ਅੱਖ ਤੋਂ ਛੋਟੀ ਹੈ ਕਿਉਕਿ ਜਿਸ ਨੇ ਪਹਿਲਾਂ ਅੱਖ ਦਿੱਤੀ ਸੀ ਮੈ ਉਸ ਦਾ ਮੁਕਾਬਲਾ ਨਹੀ ਕਰ ਸਕਦਾ।ਕਿਹਾ ਜਾਂਦਾ ਹੈ ਕਿ ਉਸ ਤੋਂ ਬਾਅਦ ਜੋ ਵੀ ਸ਼ੇਖ ਫਰੀਦ ਦੇ ਅਧਿਆਤਮਿਕ ਤਖਤ 'ਤੇ ਚੜ੍ਹਦਾ ਹੈ, ਉਸਦੀ ਇੱਕ ਅੱਖ ਦੂਜੀ ਨਾਲੋਂ ਛੋਟੀ ਹੁੰਦੀ ਹੈ।ਜਿਸ ਨੂੰ ਚਿਸਤੀ ਸੰਪਰਦਾਇ ਵੱਜੋਂ ਮਾਨਤਾ ਹੈ।

ਉਹਨਾਂ ਦ ਜਨਮ ਸਮੇਂ ਉਸਦੇ ਮਾਪਿਆਂ ਨੇ ਉਸਦਾ ਨਾਮ ਫਰੀਦ-ਉਦ-ਦੀਨ ਮਸੂਦ ਰੱਖਿਆ ਸੀ, ਪਰ ਉਸਨੂੰ ਜ਼ਿਆਦਾਤਰ ਪਾਕਪੱਟਣ ਦੇ ਬਾਬਾ ਫਰੀਦ ਵਜੋਂ ਸਤਿਕਾਰ ਦਿੱਤਾ ਜਾਦਾਂ ਹੈ।ਮੂਲ ਸ਼ੇਖ ਫਰੀਦ ਬਾਰੇ ਬਹੁਤ ਕੁਝ ਜਾਣਿਆ ਜਾਂ ਲਿਖਿਆ ਗਿਆ ਹੈ। ਸ਼ੇਖ ਫਰੀਦ ਦੀਆਂ ਦੇ ਵੰਸ਼ਾਵਲੀਆਂ, ਜਿਨ੍ਹਾਂ ਨੂੰ ਬਾਅਦ ਵਿੱਚ ਫਰੀਦ ਸ਼ਕਰ ਗੰਜ ਕਿਹਾ ਗਿਆ, ਜਵਾਹਰ-ਏ-ਫਰੀਦੀ ਵਿੱਚ ਦਿੱਤੀਆਂ ਗਈਆਂ ਹਨ ਇੱਕ ਅਧਿਆਤਮਿਕ, ਦੂਜੀ ਲੌਕਿਕ।

ਸ਼ੇਖ ਫ਼ਰੀਦ ਪੁਰਾਤਨ ਸੂਫ਼ੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਭਾਰਤ ਵਿੱਚ ਮਾਨਵਤਾਵਾਦੀ ਆਦਰਸ਼ਾਂ ਅਤੇ ਸੂਫ਼ੀ ਪਰੰਪਰਾਵਾਂ ਨੂੰ ਮਜ਼ਬੂਤ ਕੀਤਾ। ਸਮੇਂ ਦੇ ਨਾਲ, ਉਹ ਭਾਰਤੀ ਉਪ-ਮਹਾਂਦੀਪ ਵਿੱਚ ਮੁਸਲਿਮ ਅਤੇ ਗੈਰ-ਮੁਸਲਿਮ ਨੈਤਿਕ ਅਤੇ ਅਧਿਆਤਮਿਕ ਵਿਚਾਰਾਂ ਵਿਚਕਾਰ ਇੱਕ ਜੋੜਨ ਵਾਲੀ ਕੜੀ ਬਣ ਗਏ।




ਉਨ੍ਹਾਂ ਦੀਆਂ ਸਿੱਖਿਆਵਾਂ ਨੇ ਸਾਰੇ ਲੋਕਾਂ ਲਈ ਨੈਤਿਕਤਾ ਨੂੰ ਉਤਸ਼ਾਹਿਤ ਕੀਤਾ, ਪਰਮਾਤਮਾ ਪ੍ਰਤੀ ਸ਼ਰਧਾ, ਨਿਮਰਤਾ, ਸੰਤੁਸ਼ਟੀ, ਉਦਾਰਤਾ ਅਤੇ ਹਮਦਰਦੀ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਨੇ ਕਿਸੇ ਵੀ ਸੰਪਰਦਾ ਜਾਂ ਉੱਚ ਰਵੱਈਏ ਪ੍ਰਤੀ ਪੱਖਪਾਤ ਨਹੀਂ ਦਿਖਾਇਆ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥

ਸ਼ੇਖ ਫ਼ਰੀਦ ਇੱਕ ਮਹਾਨ ਅਤੇ ਨੇਕ ਕਵੀ ਸਨ। ਉਨ੍ਹਾਂ ਨੇ ਪਰਮਾਤਮਾ, ਕੁਦਰਤ ਅਤੇ ਲੋਕਾਂ ਪ੍ਰਤੀ ਆਪਣੇ ਪਿਆਰ ਬਾਰੇ ਜੋਸ਼ ਨਾਲ ਗਾਇਆ। ਉਨ੍ਹਾਂ ਦੇ ਸ਼ਬਦ ਵਿੱਚ ਅਧਿਆਤਮਕਵਾਦ, ਸੂਫੀ ਅਤੇ ਨੇਤਿਕ ਕਦਰਾਂ ਕੀਮਤਾਂ ਦੀ ਝਲਕ ਮਿਲਦੀ ਹੈ।ਉਨ੍ਹਾਂ ਦੀਆਂ ਕੁਝ ਆਇਤਾਂ ਆਮ ਲੋਕਾਂ ਦੁਆਰਾ ਜਾਣੀਆਂ ਜਾਂਦੀਆਂ ਹਨ ਅਤੇ ਵਰਤੀਆਂ ਜਾਂਦੀਆਂ ਹਨ। ਇਹ ਇਸ ਲਈ ਹੈ ਕਿਉਂਕਿ ਉਹ ਲੋਕ-ਕਥਾਵਾਂ ਵਰਗੀ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ।



ਉਹ ਪੰਜ ਦਰਿਆਵਾਂ ਦੀ ਧਰਤੀ, ਪੰਜਾਬ ਵਿੱਚ ਵਰਤੇ ਜਾਂਦੇ ਸਰਲ ਭਾਸ਼ਾ ਅਤੇ ਮੁਹਾਵਰਿਆਂ ਦੀ ਵਰਤੋਂ ਕਰਦੇ ਹਨ।

ਇਹ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਸਭ ਤੋਂ ਮਹੱਤਵਪੂਰਨ ਕਾਰਨ ਇਹ ਹੈ ਕਿ ਫ਼ਰੀਦ ਨੇ ਆਮ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਨੂੰ ਅਪਣਾਇਆ। ਉਸਨੇ ਇਸਦੀ ਵਰਤੋਂ ਆਪਣੇ ਵਿਚਾਰਾਂ ਨੂੰ ਸਿੱਧੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਅਤੇ ਆਪਣਾ ਸੁਨੇਹਾ ਦੇਣ ਲਈ ਕੀਤੀ। ਉਹ ਸੂਫ਼ੀਵਾਦ ਦੇ ਪਹਿਲੇ ਪੰਜਾਬੀ ਕਵੀ ਵੀ ਸਨ। ਉਹਨਾ ਨੇ ਪੰਜਾਬ ਵਿੱਚ ਸੂਫ਼ੀ ਕਵਿਤਾ ਦੀ ਇੱਕ ਮੌਲਿਕ ਅਤੇ ਵੱਖਰੀ ਧਾਰਾ ਸ਼ੁਰੂ ਕੀਤੀ। ਇਸ ਧਾਰਾ ਦੀ ਇੱਕ ਅਮੀਰ ਅਤੇ ਲੰਬੀ ਸਾਹਿਤਕ ਪਰੰਪਰਾ ਹੈ। ਇਹ ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਅਜਿਹਾ ਕਰਕੇ, ਫ਼ਰੀਦ ਨੇ ਪੰਜਾਬੀ ਭਾਸ਼ਾ ਦੀ ਸਾਹਿਤਕ ਪਰੰਪਰਾ ਦੀ ਨੀਂਹ ਰੱਖੀ। ਉਸਨੂੰ ਅਕਸਰ ਬਹੁਤ ਮਾਣ ਨਾਲ ਪੰਜਾਬੀ ਸਾਹਿਤ ਦਾ ਪਿਤਾਮਾ ਕਿਹਾ ਜਾਂਦਾ ਹੈ।

ਫਰੀਦ ਦੇ ਸੰਦੇਸ਼ ਨੇ ਵਿਸ਼ਵਵਿਆਪੀ ਮਨੁੱਖਤਾ ਅਤੇ ਦਇਆ ਨੂੰ ਉਤਸ਼ਾਹਿਤ ਕੀਤਾ।ਫਰੀਦ ਨੇ ਆਪਣੇ ਸਮੇਂ ਦੀ ਪੰਜਾਬੀ ਭਾਸ਼ਾ ਦੇ ਸਰਲ ਪਰ ਡੂੰਘੇ ਸ਼ਬਦਾਂ ਵਿੱਚ ਦਿਆਲਤਾ ਦੀ ਅਪੀਲ ਕੀਤੀ, ਕਿਹਾ ਕਿ ਕਿਸੇ ਨੂੰ ਵੀ ਕਠੋਰ ਸ਼ਬਦ ਨਹੀਂ ਬੋਲਣਾ ਚਾਹੀਦਾ, ਕਿਉਂਕਿ ਸੱਚਾ ਮਾਲਕ ਸਾਰੇ ਜੀਵਾਂ ਵਿੱਚ ਰਹਿੰਦਾ ਹੈ। ਉਸਨੇ ਐਲਾਨ ਕੀਤਾ ਕਿ ਕੋਈ ਵੀ ਦਿਲ ਨਹੀਂ ਤੋੜਨਾ ਚਾਹੀਦਾ, ਕਿਉਂਕਿ ਹਰ ਦਿਲ ਇੱਕ ਅਨਮੋਲ ਗਹਿਣਾ ਹੈ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥

ਆਪਨੜੈ ਘਰ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥

ਇਸ ਸਰਵਵਿਆਪੀ ਸੰਦੇਸ਼ ਅਤੇ ਫਰੀਦ ਦੇ ਉੱਤਮ ਗੁਣਾਂ ਦੇ ਕਾਰਨ, ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ, ਜਿਨ੍ਹਾਂ ਨੇ ਮਨੁੱਖੀ ਨੈਤਿਕਤਾ ਅਤੇ ਸ਼ਾਂਤੀ ਦੀ ਇੱਕ ਮਹਾਨ ਲਹਿਰ ਸ਼ੁਰੂ ਕੀਤੀ, ਨੇ ਫਰੀਦ ਦੀਆਂ ਰਚਨਾਵਾਂ ਨੂੰ ਆਪਣੇ ਪਵਿੱਤਰ ਪਾਠ ਵਿੱਚ ਸ਼ਾਮਲ ਕੀਤਾ।ਗੁਰੂ ਅਰਜਨ ਦੇਵ ਜੀ, ਨੇ ਫਰੀਦ ਦੀਆਂ ਮਨੁੱਖਤਾ ਦੇ ਵਿਸ਼ਵਵਿਆਪੀ ਭਾਈਚਾਰੇ ਦੀਆਂ ਸਿੱਖਿਆਵਾਂ ਦਾ ਸਮਰਥਨ ਕੀਤਾ।

ਫ਼ਰੀਦ ਪਹਿਲਾ ਪ੍ਰਮੁੱਖ ਪੰਜਾਬੀ ਕਵੀ ਸੀ ਜਿਸਨੇ ਮਨੁੱਖੀ ਰੋਮਾਂਟਿਕ ਰਿਸ਼ਤਿਆਂ ਦੇ ਲੈਂਸ ਰਾਹੀਂ ਪਰਮਾਤਮਾ ਪ੍ਰਤੀ ਪਿਆਰ ਅਤੇ ਸ਼ਰਧਾ ਪ੍ਰਗਟ ਕੀਤੀ, ਪਤਨੀ ਅਤੇ ਪਤੀ ਜਾਂ ਪ੍ਰੇਮੀ ਅਤੇ ਪਿਆਰੇ ਵਰਗੇ ਪ੍ਰਤੀਕਾਂ ਦੀ ਵਰਤੋਂ ਕੀਤੀ।

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੜਿ ਜਾਇ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

ਬਾਬਾ ਸ਼ੇਖ ਫਰੀਦ ਦਾ ਜਨਮ ਉਸ ਸਮੇਂ ਹੋਇਆ ਸੀ ਜਦੋਂ ਪੰਜਾਬ ਬਹੁਤ ਔਖੇ ਸਮੇਂ ਵਿੱਚੋਂ ਗੁਜ਼ਰ ਰਿਹਾ ਸੀ। ਜਦੋਂ ਫਰੀਦ ਦਾ ਜਨਮ ਹੋਇਆ ਸੀ ਤਾਂ ਤਾਮਰਲੇਨ (ਤੈਮੂਰ, ਲੰਗੜਾ), ਹਲਾਕੂ (ਚੰਗੇਜ਼ ਖਾਨ ਦਾ ਪੁੱਤਰ), ਮੁਹੰਮਦ ਗੌਰੀ, ਮਹਿਮੂਦ ਗਜ਼ਨਵੀ, ਆਦਿ ਪੰਜਾਬ ਨੂੰ ਤਬਾਹ ਕਰ ਰਹੇ ਸਨ।

ਮੋਖਲਪੁਰ ਦਾ ਨਾਮ ਬਦਲ ਕੇ ਫਾਫਿਦਕੋਟ ਰੱਖਿਆ ਗਿਆ।

ਬਾਬਾ ਫਰੀਦ ਨੇ ਮੋਖਲਪੁਰ ਨਾਮਕ ਇੱਕ ਸ਼ਹਿਰ ਦਾ ਦੌਰਾ ਕੀਤਾ, ਜਿਸਨੂੰ ਹੁਣ ਬਾਬਾ ਫਰੀਦ ਦੇ ਸਨਮਾਨ ਵਿੱਚ ਫਰੀਦਕੋਟ ਕਿਹਾ ਜਾਂਦਾ ਹੈ; ਅੱਜ ਇਹ ਪੰਜਾਬ ਦੇ ਭਾਰਤੀ ਹਿੱਸੇ ਵਿੱਚ ਹੈ।ਕਿਹਾ ਜਾਦਾਂ ਕਿ ਜਦੋਂ ਸ਼ੇਖ ਫਰੀਦ ਜੀ ਮੋਖਲਸਰ ਕਸਬੇ ਵਿੱਚੋਂ ਲੰਘ ਰਹੇ ਸਨ ਤਾਂ ਉਸ ਸਮੇ ਰਾਜੇ ਦੇ ਕਿਲੇ ਦੀ ਉਸਾਰੀ ਚੱਲ ਰਹੀ ਸੀ।ਰਾਜੇ ਦੇ ਆਹਿਲਕਾਰਾਂ ਨੇ ਸ਼ੇਖ ਫਰੀਦ ਨੂੰ ਇੱਕ ਆਮ ਵਿਅਕਤੀ ਸਮਝਦੇ ਹੋਏ ਰੋਕ ਲਿਆ ਅਤੇ ਉਸ ਤੋਂ ਮਜਦੂਰੀ ਦਾ ਕੰਮ ਕਰਵਾਉਣ ਲੱਗੇ।ਪਰ ਥੋੜੇ ਸਮੇ ਬਾਅਦ ਹੀ ਰਾਜੇ ਦੇ ਆਹਿਲਕਾਰਾਂ ਅਤੇ ਲੋਕਾਂ ਨੂੰ ਸ਼ੇਖ ਫਰੀਦ ਦੀ ਗੈਬੀ ਸ਼ਕਤੀ ਬਾਰੇ ਪਤਾ ਚਲ ਗਿਆ।ਉਨਾਂ ਦੇਖਿਆ ਕਿ ਬਾਬਾ ਫਰੀਦ ਜੀ ਦੇ ਸਿਰ ਤੇ ਚੁੱਕਿਆ ਮਿੱਟੀ ਦਾ ਬੱਠਲ ਸਿਰ ਤੋਂ ਉਪਰ ਹੀ ਰਹਿੰਦਾ ਸੀ ਸਾਰੇ ਲੋਕ ਇਹ ਦੇਖਕੇ ਹੈਰਾਨ ਹੋ ਗਏ।ਰਾਜੇ ਦੇ ਆਹਿਲਕਾਰਾਂ ਨੇ ਇਸ ਬਾਰੇ ਰਾਜੇ ਨੂੰ ਜਾਣਕਾਰੀ ਦਿੱਤੀ।ਰਾਜਾ ਨੇ ਖੁਦ ਆਕੇ ਦੇਖਿਆ ਤਾਂ ਰਾਜਾ ਵੀ ਹੇਰਾਨ ਹੋ ਗਿਆਂ ਅਤੇ ਉਹ ਸ਼ੇਖ ਫਰੀਦ ਜੀ ਦੇ ਪੈਰਾਂ ਵਿੱਚ ਡਿੱਗ ਕੇ ਮੁਆਫੀ ਮੰਗੀ।ਉਸ ਤੋਂ ਬਾਅਦ ਰਾਜੇ ਨੇ ਉਸ ਕਸਬੇ ਦਾ ਨਾਮ ਬਦਲ ਕੇ ਫਰੀਦਕੋਟ ਰੱਖ ਦਿੱਤਾ ਜੋ ਇੱਕਰਿਆਸਤੀ ਸ਼ਹਿਰ ਵੱਜੋ ਮਸ਼ਹੂਰ ਹੈ ਅਤੇ ਪੰਜਾਬ ਦਾ ਇੱਕ ਜਿਲ੍ਹਾ ਹੈ।

ਫਰੀਦਕੋਟ ਵਿੱਚ ਹਰ ਸਾਲ 21 ਸਿਤੰਬਰ ਤੋਂ 23 ਸਤੰਬਰ ਤੱਕ ਜਨਮ ਸ਼ਤਾਬਦੀ ਤੇ ਬਾਬਾ ਫਰੀਦ ਮੇਲਾ ਲਾਇਆ ਜਾ ਰਿਹਾ ਹੈ ਜਿਸ ਵਿੱਚ ਵਿਦੇਸ਼ਾਂ ਤੇ ਵੀ ਲੋਕ ਆਉਦੇ ਹਨ ਤਿੰਨ ਦਿਨ ਖੇਡਾਂ ਦੇ ਮੁਕਾਬਲੇ, ਸੀਭਆਚਾਰਕ ਮੇਲਾ, ਕਵੀ ਸ਼ਰੀ ਨਾਟਕ,ਬਗਰ ਕੀਰਤਨ ਅਤੇ ਵਿਚਾਰ ਚਰਚਾ ਕਰਵਾਈਆਂ ਜਾਦੀਆਂ ਹਨ।ਬਾਬਾ ਸ਼ੇਖ ਫਰੀਦ ਦੇ ਨਾਮ ਤੇ ਬਣੀ ਸੁਸਾਇਟੀ ਵੱਲੋਂ ਉਸ ਦਿਨ ਸਮਾਜ ਸੇਵਾ ਖੇਤਰ ਅਤੇ ਇਮਾਨਦਾਰੀ ਅਵਾਰਡ ਵੀ ਦਿੱਤੇ ਜਾਦੇ ਹਨ।ਪਾਕਿਸਤਾਨ ਤੇ ਵੀ ਕਵਾਲ ਆਪਣੀ ਹਾਜਰੀ ਲਗਾਉਦੇ ਹਨ।ਫਰੀਦਕੋਟ ਅਤੇ ਆਸਪਾਸ ਲੋਕਾਂ ਨੂੰ ਬੇਹੱਦ ਵਿਸ਼ਵਾਸ ਹੈ।ਹਰ ਵੀਰਵਾਰ ਨੂੰ ਵੀ ਹਜਾਰਾਂ ਦੀ ਭੀੜ ਦਰਸ਼ਨ ਕਰਦੀ ਹੈ।

ਬੇਸ਼ਕ ਬਾਬਾ ਫਰੀਦ ਜੀ ਨਾਲ ਬਹੁਤ ਘਟਨਾਵਾਂ ਜੁੜੀਆਂ ਹੋਈਆਂ ਉਹਨਾਂ ਦੇ ਮੈ ਇੱਕ ਘਟਨਾ ਦਾ ਜਿਕਰ ਕਰ ਰਿਹਾਂ ਜਦੋਂ ਅਸੀ ਆਪ ਅੱਖੀ ਦੇਖਿਆਂ ਕਿ ਭਾਰਤ ਦੇ ਮਸ਼ਹੂਰ ਬਾਲੀਵੁੱਡ ਅਦਕਾਰ ਅਤੇ ਗਾਂਦੀ ਵਿਚਾਰਧਾਰਾ ਦੇ ਧਾਰਨੀ ਸੁਨੀਲ ਦੱਤ ਆਪਣੀ ਟੀਮ ਨਾਲ ਪੰਜ ਦੇਸ਼ਾਂ ਦੀ ਸਦਭਾਵਨਾ ਯਾਤਰਾ ਤੇ ਜਦੋਂ ਫਰੀਦਕੋਟ ਆਏ ਸਨ ਉਹ ਇੱਕ ਰਾਤ ਫਰੀਦਕੋਟ ਠਹਿਰੇ ਰਾਤ ਤੱਕ ਉਹ ਆਪਸੀ ਭਾਈਚਾਰਾ ਅਤੇ ਸਦਭਾਵਨਾ ਦਾ ਸੰਦੇਸ਼ ਦਿੰਦੇ ਹੋਏ ਲੋਕਾਂ ਨੂੰ ਮਿਲੇ ਅਤੇ ਸਵੇਰੇ ਉਹਨਾਂ ਆਪਣੇ ਅਗਲੇ ਪੜਾਅ ਵੱਲ ਜਾਣਾ ਸੀ।ਪਰ ਅਚਾਨਕ ਜਿਵੇਂ ਹੀ ਉਹ ਫਰੀਦਕੋਟ ਜਿਲ੍ਹੇ ਦੀ ਹੱਦ ਨੂੰ ਕਰਾਸ ਕੀਤਾ ਤਾਂ ਉਨਾਂ ਦੀ ਗੱਡੀ ਅਚਾਨਕ ਖੜ ਗਈ।ਉਹਨਾਂ ਦੀ ਇਹ ਯਾਤਰਾ ਮਹਿੰਦਰਾ ਕੰਪਨੀ ਵੱਲੋਂ ਸਪਾਸਰ ਸੀ ਅਤੇ ਉਹਨਾਂ ਵੱਲੋਂ ਦਿੱਤੀਆਂ 6 ਗੱਡੀਆਂ ਵਿੱਚੋਂ ਇੱਕ ਗੱਡੀ ਵਿੱਚ ਕੇਵਲ ਮਕੈਨਿਕ ਹੀ ਸਨ।ਉਹਨਾਂ ਮਕੈਨਿਕ ਨੇ ਦੋ ਘੰਟੇ ਤੱਕ ਕੋਸ਼ਿਸ਼ ਕੀਤੀ ਉਥੋ ਦੇ ਮਕੈਨਿਕ ਵੀ ਬੁਲਾ ਲਏ।ਮੈ ਅਚਾਨਕ ਕਿਹਾ ਕਿ ਫਰੀਦਕੋਟ ਵਿੱਚ ਜੋ ਵੀ ਆਉਦਾਂ ਹੈ ਉਹ ਬਾਬਾ ਫਰੀਦ ਦੇ ਸਥਾਨ ਤੇ ਜਰੂਰ ਜਾਦਾਂ।ਅਸਲ ਵਿੱਚ ਉਹਨਾਂ ਦੀ ਯਾਤਰਾ ਵਿੱਚ ਇਹ ਸ਼ਾਮਲ ਵੀ ਸੀ ਪਰ ਲੇਟ ਹੋਣ ਕਾਰਨ ਉਹ ਬਿਨਾ ਸਿਜਦਾ ਕੀਤੇ ਚਲੇ ਗਏ।ਜਦੋ ਉਥੇ ਹਾਜਰ ਲੋਕਾਂ ਨੇ ਸਲਾਹ ਦਿੱਤੀ ਕਿ ਜੋ ਵਿਅਕਤੀ ਫਰੀਦਕੋਟ ਆਉਦਾਂ ਉਹ ਬਾਬਾ ਫਰੀਦ ਨੂੰ ਜਰੂਰ ਸਿਜਦਾ ਕਰਦਾ।

ਸਾਰਿਆਂ ਨੇ ਉਥੇ ਹੀ ਬਾਬਾ ਫਰੀਦ ਨੂੰ ਕਿਹਾ ਕਿ ਉਹ ਯਾਤਰਾ ਤੋਂ ਬਾਅਦ ਜਰੂਰ ਸਿਜਦਾ ਕਰਨ ਆਉਣਗੇ।ਸ਼ੇਖ ਫਰੀਦ ਜੀ ਦਾ ਇਹ ਚਮਤਕਾਰ ਹੀ ਕਿਹਾ ਜਾ ਸਕਦਾ ਕਿ ਅਰਦਾਸ ਕਰਨ ਤੋਂ ਬਾਅਦ ਜਿਵੇਂ ਹੀ ਡਰਾਈਵਰ ਨੇ ਗੱਡੀ ਸਟਾਰਟ ਕਰਨ ਲਈ ਸੈਲਫ ਮਾਰੀ ਤਾਂ ਗੱਡੀ ਸਟਾਰਟ ਹੋ ਗਈ।

ਬਾਬਾ ਫਰੀਦ ਦਾ ਦੇਹਾਂਤ ਮੁਹੱਰਮ ਮਹੀਨੇ ਦੇ ਪੰਜਵੇਂ ਦਿਨ, 1266 ਈਸਵੀ ਨੂੰ ਨਮੂਨੀਆ ਨਾਲ ਹੋਇਆ ਸੀ। ਬਾਬਾ ਫਰੀਦ ਦੀ ਮੌਤ ਦੀ ਤਾਰੀਖ਼ ਨੂੰ ਕਾਲਕ੍ਰਮਾਂ (ੳ) ਫਰੀਦ ਅਸਾਰੀ (ਬ) ਔਲੀਏ ਖੁਦਾਈ ਦੁਆਰਾ ਯਾਦ ਕੀਤਾ ਜਾਂਦਾ ਹੈ। ਉਹ ਪਰਮਾਤਮਾ ਦੇ ਵਿਲੱਖਣ,ਸੰਤ ਸਨ।

ਸ਼ੇਖ ਫ਼ਰੀਦ ਦੀ ਕਾਵਿਕ ਪ੍ਰਤਿਭਾ ਨੇ ਪੰਜਾਬੀ ਭਾਸ਼ਾ ਨੂੰ ਨਵੀਆਂ ਅਧਿਆਤਮਿਕ ਉਚਾਈਆਂ ਤੱਕ ਪਹੁੰਚਣ ਦਿੱਤਾ। ਉਨ੍ਹਾਂ ਦਾ ਕੰਮ ਧਾਰਮਿਕ ਸੀਮਾਵਾਂ ਤੋਂ ਪਾਰ ਗਿਆ, ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨਾਲ ਗੂੰਜਦਾ ਸੀ, ਅਤੇ ਉਨ੍ਹਾਂ ਦੀ ਵਿਰਾਸਤ ਅੱਜ ਵੀ ਸਾਧਕਾਂ ਨੂੰ ਬ੍ਰਹਮ ਦੇ ਮਾਰਗ 'ਤੇ ਪ੍ਰੇਰਿਤ ਕਰਦੀ ਹੈ।

ਸੰਗ੍ਰਿਹ ਕਰਤਾ/ ਲੇਖਕ
ਡਾ ਸੰਦੀਪ ਘੰਡ
ਲਾਈਫਕੋਚ
ਸੇਵਾ ਮੁਕਤ ਅਧਿਕਾਰੀ-ਭਾਰਤ ਸਰਕਾਰ
ਮੋ ਬਾ ਈ ਲ 9815139576

# ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਲਗਾਇਆ ਹਰੀਆਂ ਸਬਜ਼ੀਆਂ ਦਾ ਮਹੀਨਾਵਾਰ ਲੰਗਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ 21 ਅਪ੍ਰੈਲ (ਸ਼ਿਵ ਕੌੜਾ) ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਉਪਰਾਲੇ ਸਦਕਾ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਸਥਾਨਕ ਖੇੜਾ ਰੋਡ 'ਤੇ ਹਰੀਆਂ ਸਬਜ਼ੀਆਂ ਦਾ ਮਹੀਨਾਵਾਰ ਲੰਗਰ ਲਗਾਇਆ ਗਿਆ। ਇਸ ਦੌਰਾਨ ਮੁਹੱਲਾ ਪ੍ਰੇਮ ਨਗਰ, ਮਾਸਟਰ ਸਾਧੂ ਰਾਮ ਨਗਰ, ਗੁਰੂ ਨਾਨਕ ਪੁਰਾ ਅਤੇ ਖੇੜਾ ਰੋਡ ਦੇ ਵਸਨੀਕਾਂ ਤੋਂ ਇਲਾਵਾ ਰਾਹਗੀਰਾਂ ਨੂੰ ਫਰੀ ਸਬਜ਼ੀਆਂ ਵੰਡੀਆਂ ਗਈਆਂ। ਮਲਕੀਅਤ ਸਿੰਘ ਰਘਬੋਤਰਾ ਨੇ ਹਰੀਆਂ ਸਬਜ਼ੀਆਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਰੋਜ਼ਾਨਾ ਦੀ ਰੁਟੀਨ ਵਿੱਚ ਹਰੀਆਂ ਸਬਜ਼ੀਆਂ ਦਾ ਸੇਵਨ ਕਰਨ ਲਈ ਪ੍ਰੇਰਿਤ ਕਰਨਾ ਹੈ। ਉਹਨਾਂ ਦੱਸਿਆ ਕਿ ਹਰੀਆਂ ਸਬਜ਼ੀਆਂ ਵਿਟਾਮਿਨ, ਪ੍ਰੋਟੀਨ ਅਤੇ ਖਣਿਜਾਂ ਦਾ ਭੰਡਾਰ ਹੁੰਦੀਆਂ ਹਨ। ਉਨ੍ਹਾਂ ਇਸ ਸੇਵਾ ਨੂੰ ਲਗਾਤਾਰ ਜਾਰੀ ਰੱਖਣ ਦੀ ਗੱਲ ਵੀ ਕਹੀ। ਅੱਜ ਦੇ ਲੰਗਰ ਵਿਚ ਸਬਜੀਆਂ ਦੀ ਸੇਵਾ ਸਮਾਜ ਸੇਵਕ ਮਨੋਹਰ ਲਾਲ ਅਤੇ ਉਹਨਾਂ ਦੇ ਪੁੱਤਰ ਪਵਨ ਕੁਮਾਰ ਵਲੋਂ ਨਿਭਾਈ ਗਈ। ਸਬਜ਼ੀਆਂ ਵੰਡਣ 'ਚ ਮੋਹਨ ਲਾਲ ਤਨੇਜਾ, ਸੁਧਾ ਬੇਦੀ, ਵਿਜੇ ਕੁਮਾਰ ਤੋਂ ਇਲਾਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਨੇ ਯੋਗਦਾਨ ਪਾਇਆ।

# ਪੰਜਾਬ ਸਰਕਾਰ ਨੇ ਨਾਭਾ ਹਲਕੇ ਦੇ 24 ਸਰਕਾਰੀ ਸਕੂਲਾਂ 'ਚ ਢਾਈ ਕਰੋੜ ਰੁਪਏ ਖਰਚੇ -ਦੇਵ ਮਾਨ

## ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਗੁਰਦੇਵ ਸਿੰਘ ਦੇਵ ਮਾਨ ਨੇ ਸਰਕਾਰੀ ਸਕੂਲਾਂ 'ਚ ਕੀਤੇ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 9463601616 hardipchumber57@gmail.com

ਨਾਭਾ, 21 ਅਪ੍ਰੈਲ: ਬੇਅੰਤ ਸਿੰਘ ਰੋਹਟੀ ਖਾਸ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਨਾਭਾ ਹਲਕੇ ਦੇ 24 ਸਕੂਲਾਂ 'ਤੇ ਢਾਈ ਕਰੋੜ ਰੁਪਏ ਖਰਚੇ ਹਨ। ਉਨ੍ਹਾਂ ਨੇ ਅੱਜ ਸੰਗਤਪੁਰਾ ਬਸਤੀ, ਪੱਕਾ ਬਾਗ ਤੇ ਪੁਰਾਣਾ ਹਾਈ ਕੋਰਟ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਖੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਵੱਖ-ਵੱਖ ਕਾਰਜ ਮੁਕੰਮਲ ਕਰਨ ਉਪਰੰਤ ਵਿਦਿਆਰਥੀਆਂ



ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਕਾਸ ਕਾਰਜਾਂ ਦੇ ਉਦਘਾਟਨ ਕਰਦੇ ਹੋਏ।

ਨੂੰ ਸਮਰਪਿਤ ਕੀਤੇ। ਇਸ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਦੇਵ ਮਾਨ ਨੇ ਕਿਹਾ ਕਿ ਨਾਭਾ ਹਲਕੇ 'ਚ 209 ਹਨ ਅਤੇ ਇਨ੍ਹਾਂ ਵਿੱਚੋਂ 117 ਸਕੂਲਾਂ ਦੇ ਵਿੱਚ ਕੀਤੇ ਗਏ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਸਰਕਾਰੀ ਸਕੂਲਾਂ ਵੱਲ ਧਿਆਨ ਹੀ ਨਹੀਂ ਦਿੱਤਾ ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਕਾਇਆਂ ਕਲਪ ਕਰਨ ਦਾ ਜੋ ਬੀੜਾ ਉਠਾਇਆ ਗਿਆ ਸੀ, ਉਸ ਦੇ ਨਤੀਜੇ ਸਭ ਦੇ ਸਾਹਮਣੇ ਹਨ ਤੇ ਸਰਕਾਰੀ ਸਕੂਲਾਂ 'ਚ 10 ਹਜਾਰ ਨਵੇਂ ਵਿਦਿਆਰਥੀਆਂ ਦੇ ਦਾਖਲੇ ਹੋਏ ਹਨ। ਦੇਵ ਮਾਨ ਨੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਪੰਜਾਬ ਸਿੱਖਿਆ ਕ੍ਰਾਂਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਕੇ ਸਰਕਾਰੀ ਸਕੂਲਾਂ ਵਿਚ ਨਵੇਂ ਕਲਾਸ ਰੂਮ, ਪੁਰਾਣੇ ਬਲੈਕ ਬੋਰਡਾਂ ਦੀ ਥਾਂ ਹੁਣ ਸਮਾਰਟ ਇੰਟਰੈਕਟਿਵ ਬੋਰਡ, ਲਾਇਬ੍ਰੇਰੀਆਂ, ਲੈਬਾਰਟਰੀਆਂ, ਚਾਰਦੀਵਾਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ ਸਮੇਤ ਖੇਡਾਂ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਹੈ।

# ਪਿੰਡ ਭਰੋਮਜਾਰਾ ਵਿੱਚ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ ਗਿਆ

## 50 ਤੋਂ ਵੱਧ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 9463601616 hardipchumber57@gmail.com

ਬੰਗਾ, 21 ਅਪ੍ਰੈਲ (ਚਰਨਜੀਤ ਸੱਲ੍ਹਾ):- ਦਲਿਤਾਂ ਦੇ ਮਸੀਹਾ, ਸੰਵਿਧਾਨ ਦੇ ਨਿਰਮਾਤਾ, ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਨ ਪਿੰਡ ਭਰੋਮਜਾਰਾ ਵਿੱਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ (ਰਜਿ:) ਵੱਲੋਂ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪਿੰਡ ਦੇ ਸਰਪੰਚ ਸੁਰਿੰਦਰ ਪਾਲ ਮੁੰਡਾ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਨਾ ਸਿਰਫ਼ ਆਪਣਾ ਪੂਰਾ ਜੀਵਨ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਮਰਪਿਤ ਕੀਤਾ, ਸਗੋਂ ਭਾਰਤੀ ਕਾਨੂੰਨ ਵਿੱਚ ਮਰਦਾਂ ਦੇ ਬਰਾਬਰ ਔਰਤ ਨੂੰ ਅਧਿਕਾਰ ਦੇ ਕੇ ਔਰਤ ਅਤੇ ਮਰਦ ਦੇ ਫਰਕ ਨੂੰ ਵੀ ਖਤਮ ਕੀਤਾ। ਜਿਸ ਕਾਰਨ ਅੱਜ ਔਰਤਾਂ ਹਰ ਖੇਤਰ ਵਿੱਚ ਨਾ ਸਿਰਫ਼ ਮਰਦਾਂ ਦੇ ਬਰਾਬਰ ਹਨ ਸਗੋਂ ਆਪਣੀ ਮਿਹਨਤ ਨਾਲ ਇੱਕ ਕਦਮ ਅੱਗੇ ਵੀ ਹਨ। ਇਸ ਮੌਕੇ ਪ੍ਰਧਾਨ ਲਖਵੀਰ ਸਿੰਘ ਲੱਖਾ ਨੇ ਬਾਬਾ ਸਾਹਿਬ ਦੇ ਜੀਵਨ ਬਾਰੇ ਚਰਚਾ ਕੀਤੀ ਅਤੇ ਬੱਚਿਆਂ ਨੂੰ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ 'ਮਾਏ ਨੀ ਮੈਂ ਉਹ ਪੜ੍ਹਨੀ ਜੇਹੜੀ ਕੀਤੀ ਹੈ ਪੜ੍ਹਾਈ ਬਾਵਾ ਸਾਹਿਬ ਨੇ,,,,,' ਗੀਤ ਗਾ ਕੇ ਬੱਚਿਆਂ ਨੂੰ ਸਿੱਖਿਆ ਦਾ ਸੰਦੇਸ਼ ਦਿੱਤਾ। ਇਸ ਮੌਕੇ 50 ਤੋਂ ਵੱਧ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਤੋਂ ਬਾਅਦ ਲੱਡੂ ਵੰਡੇ ਗਏ। ਇਸ ਮੌਕੇ ਪਿੰਡ ਦੇ ਸਰਪੰਚ ਸੁਰਿੰਦਰ ਪਾਲ ਮੁੰਡਾ, ਪ੍ਰਧਾਨ ਲਖਵੀਰ ਸਿੰਘ ਲੱਖਾ, ਡਾ ਨਵਕਾਂਤ ਭਰੋਮਜਾਰਾ, ਸਤੀਸ਼ ਕੁਮਾਰ ਬੱਲੀ, ਤਰਸੇਮ ਲਾਲ, ਜਥੇਦਾਰ ਤੀਰਥ ਸਿੰਘ, ਸੰਦੀਪ ਕੁਮਾਰ, ਸਰਵਣ ਸਿੰਘ, ਰਾਜਪਾਲ, ਪਰਮਜੀਤ ਕੌਰ ਸਾਬਕਾ ਪੰਚ, ਕਮਲਜੀਤ ਕੌਰ, ਦਲਜੀਤ ਕੌਰ, ਸੰਗੀਲਾ, ਆਦਿ ਵੀ ਹਾਜ਼ਰ ਸਨ।

# ਸੀ.ਪੀ.ਆਈ.(ਐਮ) ਜ਼ਿਲ੍ਹਾ ਮਾਨਸਾ ਦੀ ਜਨਰਲ ਬਾਡੀ ਮੀਟਿੰਗ 27 ਨੂੰ

## ਕਾਮਰੇਡ ਸੇਖੋਂ ਵਿਸ਼ੇਸ਼ ਤੌਰ 'ਤੇ ਕਰਨਗੇ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 9463601616 hardipchumber57@gmail.com

ਮਾਨਸਾ - 21ਅਪ੍ਰੈਲ - (ਆਤਮਾ ਸਿੰਘ ਪਮਾਰ ) - ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਮਾਨਸਾ ਦੀ ਜਨਰਲ ਬਾਡੀ ਮੀਟਿੰਗ 27 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 11 ਵਜੇ ਕਾਮਰੇਡ ਗੱਜਣ ਸਿੰਘ ਟਾਂਡੀਆਂ ਭਵਨ ਮਾਨਸਾ ਵਿਖੇ ਹੋਵੇਗੀ। ਮੀਟਿੰਗ 'ਚ ਜ਼ਿਲ੍ਹਾ ਕਮੇਟੀ ਦੇ ਮੈਂਬਰਾਂ ਸਮੇਤ ਪਾਰਟੀ ਦੀਆਂ ਤਿੰਨਾਂ ਤਹਿਸੀਲਾਂ ਬੁਢਲਾਡਾ , ਸਰਦੂਲਗੜ੍ਹ ਅਤੇ ਮਾਨਸਾ ਦੀਆਂ ਕਮੇਟੀਆਂ ਦੇ ਮੈਂਬਰ , ਸਾਰੀਆਂ ਬ੍ਰਾਂਚਾਂ ਦੇ ਸਕੱਤਰ ਵੀ ਸ਼ਾਮਲ ਹੋਣਗੇ।

ਜਾਣਕਾਰੀ ਦਿੰਦਿਆਂ ਸੀ.ਪੀ. ਆਈ.(ਐਮ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਦੱਸਿਆ ਕਿ ਮੀਟਿੰਗ ਨੂੰ ਸੰਬੋਧਨ ਕਰਨ ਲਈ ਸੀ.ਪੀ.ਆਈ.(ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

ਦਲਿਓ ਨੇ ਦੱਸਿਆ ਕਿ ਕਾਮਰੇਡ ਸੇਖੋਂ ਮੁੱਖ ਤੌਰ 'ਤੇ ਪਾਰਟੀ ਦੀ ਮਦੁਰਈ (ਤਾਮਿਲਨਾਡੂ) ਵਿਖੇ ਸੰਪੰਨ ਪਾਰਟੀ ਕਾਂਗਰਸ ਦੇ ਫੈਸਲਿਆਂ ਅਤੇ ਅਗਾਮੀ ਸਮੇਂ ਦੌਰਾਨ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵੀ ਵਿਸਥਾਰ 'ਚ ਚਾਨਣਾ ਪਾਉਣਗੇ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਕੌਮੰਤਰੀ , ਰਾਸ਼ਟਰੀ ਅਤੇ ਪੰਜਾਬ ਦੀ ਸਥਿਤੀ 'ਤੇ



ਵੀ ਚਰਚਾ ਕੀਤੀ ਜਾਵੇਗੀ। ਕਮਿਊਨਿਸਟ ਆਗੂ ਨੇ ਅਪੀਲ ਕੀਤੀ ਹੈ ਕਿ ਸਾਰੇ ਸਾਥੀ ਮੀਟਿੰਗ ਵਿੱਚ 27 ਅਪ੍ਰੈਲ ਨੂੰ ਸਵੇਰੇ 11 ਵਜੇ ਪਹੁੰਚਣ ਦੀ ਖੇਚਲ ਕਰਨ।

# ਬਾਬਾ ਅਜਾਪਾਲ ਸਿੰਘ ਸੇਵਾ ਸੋਸਾਇਟੀ ਰਜਿ: ਨਾਭਾ ਦੀ ਸਰਬ ਸੰਮਤੀ ਨਾਲ ਹੋਈ ਚੋਣ

## ਸਤਿਗੁਰ ਸਿੰਘ ਪ੍ਰਧਾਨ ਗੁਰਮੁੱਖ ਸਿੰਘ ਭੋਜੋ ਮਾਜਰੀ ਮੁੜ੍ਹ ਤੋਂ ਬਣੇ ਜਨ ਸਕੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 9463601616 hardipchumber57@gmail.com

ਨਾਭਾ 21 ਅਪ੍ਰੈਲ (ਬੇਅੰਤ ਸਿੰਘ ਰੋਹਟੀ ਖਾਸ) ਗੁ: ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਅਤੇ ਹਲਕੇ ਵਿੱਚ ਧਾਰਮਿਕ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਮੋਹਰੀ ਹੋ ਸੇਵਾਵਾਂ ਨਿਭਾਉਣ ਵਾਲੀ ਸੰਸਥਾ ਬਾਬਾ ਅਜਾਪਾਲ ਸਿੰਘ ਸੇਵਾ ਸੋਸਾਇਟੀ ਰਜਿ: ਨਾਭਾ ਸਲਾਨਾ ਜਨਰਲ ਇਜਲਾਸ ਬੁਲਾਇਆ ਗਿਆ ਜਿਸ ਵਿੱਚ ਸੋਸਾਇਟੀ ਦੇ ਜਨਰਲ ਸਕੱਤਰ ਗੁਰਮੁੱਖ ਸਿੰਘ ਭੋਜੋ ਮਾਜਰੀ ਨੇ ਸੋਸਾਇਟੀ ਤੇ ਪਿਛਲੇ ਦੋ ਸਾਲ ਦੇ ਕਾਰਜ ਕਾਲ ਹਾਊਸ ਵਿੱਚ ਰਿਪੋਰਟ ਪੇਸ਼ ਕੀਤੀ ਗਈ ਅਤੇ ਸਸਾਇਟੀ ਦੇ ਖਜਾਨਚੀ ਸੁਖਪਿੰਦਰ ਸਿੰਘ ਐਸਡੀਓ ਨੇ ਪਿਛਲੇ ਦੋ ਸਾਲਾਂ ਦੇ ਵਿੱਤੀ ਆਮਦਨ ਅਤੇ ਖਰਚੇ ਤੇ ਵੇਰਵੇ ਦੀ ਰਿਪੋਰਟ ਪੇਸ਼ ਕੀਤੀ ਜਿਸ ਨਾਲ ਹਾਊਸ ਵਿਚ ਹਾਜ਼ਰ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ



ਉਪਰੰਤ ਸੁਸਾਇਟੀ ਦੇ ਪ੍ਰਧਾਨ ਸਤਿਗੁਰ ਸਿੰਘ ਨਰਮਾਣਾਂ ਨੇ ਦੋ ਸਾਲਾਂ ਦੌਰਾਨ ਅਤੇ ਸੰਗਤਾਂ ਵੱਲੋਂ ਬਖਸ਼ੇ ਸਹਿਯੋਗ ਦਾ ਧੰਨਵਾਦ ਕਰਦਿਆਂ ਸੋਸਾਇਟੀ ਦਾ ਦੋ ਸਾਲਾਂ ਕਾਰਜਕਾਰ ਪੂਰਾ ਹੋਣ ਤੇ ਸੋਸਾਇਟੀ ਭੰਗ ਕੀਤੀ ਗਈ ਅਗਲੇ ਦੋ ਸਾਲਾਂ ਲਈ ਨਵੀਂ ਕਮੇਟੀ ਦੀ ਚੋਣ ਲਈ ਵਿਚਾਰ ਵਟਾਂਦਰਾ ਕੀਤੀ ਗਈ ਲੰਮੀ ਵਿਚਾਰ ਚਰਚਾ ਉਪਰੰਤ ਅਗਲੇ ਦੋ ਸਾਲਾਂ ਲਈ ਸਰਬ ਸੰਮਤੀ ਨਾਲ ਸੁਸਾਇਟੀ ਦੇ ਪ੍ਰਧਾਨ ਅਤੇ ਐਗਜੈਕਟਿਵ ਬਾਡੀ ਦੀ ਚੋਣ ਕੀਤੀ ਗਈ ਜਿਸ ਵਿੱਚ ਸਤਿਗੁਰ ਸਿੰਘ ਨਰਮਾਣਾ ਪ੍ਰਧਾਨ,ਗੁਰਮੁੱਖ ਸਿੰਘ ਭੋਜੋ ਮਾਜਰੀ ਜਨਰਲ ਸਕੱਤਰ,ਹਰਮਿੰਦਰ ਸਿੰਘ ਗਲਵੱਟੀ ਖਜਾਨਚੀ, ਤੇਜਿੰਦਰ ਸਿੰਘ ਕਪੂਰ ਸੀਨੀਅਰ ਮੀਤ ਪ੍ਰਧਾਨ, ਹਰਮਿੰਦਰ ਸਿੰਘ ਨਾਭਾ ਸਲਾਹਕਾਰ, ਸੁਖਦੇਵ ਸਿੰਘ ਢੀਂਡਸਾ ਸਲਾਹਕਾਰ, ਹਰਪ੍ਰੀਤ ਸਿੰਘ ਗੁਲਾਟੀ ਮੀਤ ਪ੍ਰਧਾਨ ਡਾਕਟਰ ਦੀਪਿੰਦਰ ਸਿੰਘ ਵਧਵਾ ਮੀਤ ਪ੍ਰਧਾਨ ਚਰਨਦੀਪ ਸਿੰਘ ਮੀਤ ਪ੍ਰਧਾਨ, ਸਹਾਇਕ ਖਜਾਨਚੀ ਹਰਮਿੰਦਰ ਸਿੰਘ ਮਿੰਦੀ,ਪ੍ਰੈਸ ਸਕੱਤਰ ਜਗਨਾਰ ਸਿੰਘ ਦੁਲੱਦੀ,ਸਹਾਇਕ ਪ੍ਰੈਸ ਸਕੱਤਰ ਕੁਲਵਿੰਦਰ ਸਿੰਘ ਰਾਜੂ,ਐਗਜੈਕਟਿਵ ਬਾਡੀ ਮੈਬਰ ਡਾ ਜਸਵਿੰਦਰ ਸਿੰਘ ਬਾਵਾ,ਦਰਸਨ ਕੁਮਾਰ ਵਰਮਾਂ,ਡਾ: ਅਮਰਜੀਤ ਸਿੰਘ ਸਾਹਨੀ,ਹਰਜਿੰਦਰ ਸਿੰਘ ਸੋਨੂੰ,ਤਰਨਪ੍ਰੀਤ ਸਿੰਘ ਚੁਣੇ ਗਏ ਚੋਣ ਹੋਣ ਉਪਰੰਤ ਸਤਿਗੁਰ ਸਿੰਘ ਪ੍ਰਧਾਨ ਅਤੇ ਗੁਰਮੁੱਖ ਸਿੰਘ ਭੋਜੋ ਮਾਜਰੀ ਨੇ ਮੁੜ ਤੋਂ ਸੇਵਾਵਾਂ ਬਖਸ਼ਣ ਅਤੇ ਵਿਸ਼ਵਾਸ ਪ੍ਰਗਟਾਉਣ ਤੇ ਸਮੁੱਚੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿ ਅਸੀਂ ਸਮੁੱਚੇ ਮੈਂਬਰਾਂ ਦੇ ਸਹਿਯੋਗ ਨਾਲ ਸੋਸਾਇਟੀ ਦੇ ਕਾਰਜਾਂ ਨੂੰ ਬਿਹਤਰ ਢੰਗ ਨਾਲ ਨਿਭਾਉਣ ਲਈ ਯਤਨਸੀਲ ਰਹਾਂਗੇ ਇਸ ਉਪਰੰਤ ਬਾਬਾ ਅਜਾਪਾਲ ਸਿੰਘ ਸੇਵਾ ਸੋਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ 13 ਜੂਨ ਨੂੰ ਕਰਵਾਏ ਜਾ ਰਹੇ ਬਾਬਾ ਅਜਾਪਾਲ ਸਿੰਘ ਦੀ ਸਲਾਨਾ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਸਬੰਧੀ ਵਿਚਾਰਾਂ ਵੀ ਕੀਤੀਆਂ ਗਈਆਂ | ਇਸ ਮੌਕੇ ਚੇਅਰਮੈਨ ਬਲਦੇਵ ਸਿੰਘ ਗੁਰਦਿੱਤਪੁਰਾ, ਅਮਰੀਕ ਸਿੰਘ ਮੈਨੇਜਰ ਰੋਹਟਾ ਸਾਹਿਬ, ਦੀਪ ਲੈਬ, ਉਧਮਦੀਪ ਸਿੰਘ,ਡਾ: ਅਤਿੰਦਰਜੀਤ ਸਿੰਘ ਸਾਹਨੀ,ਡਾ: ਜਸਦੀਪ ਸਿੰਘ,ਜਥੇਦਾਰ ਕੁਲਦੀਪ ਸਿੰਘ ਅਲਹੌਰਾਂ,ਮੇਹਨ ਸਿੰਘ ਰਿਟਾ: ਐਸਐਚਓ,ਸੁਰਜੀਤ ਸਿੰਘ ਪ੍ਰੀਤ ਟੈਕਸਟਾਈਲ ਨਾਭਾ ਅਤੇ ਹੋਰ ਹਾਜ਼ਰ ਸਨ

# ਬੱਚਿਆਂ ਨੂੰ ਸਿੱਖਿਆ ਦੇ ਅਸਲ ਗਿਆਨ ਨਾਲ ਜੋੜਨਾ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦਾ ਮੁੱਖ ਮਨੋਰਥ ਮੈਨੇਜਿੰਗ ਡਾਇਰੈਕਟਰ ਸ: ਹਰਜਿੰਦਰ ਸਿੰਘ

## ਵਿਦਿਆਰਥੀਆਂ ਵੱਲੋਂ ਪੰਚਾਇਤ ਰਾਜ ਦੇ ਢਾਂਚੇ ਨੂੰ ਚੰਗੀ ਤਰ੍ਹਾਂ ਨਾਲ ਜਾਨਣ ਦੇ ਮਨੋਰਥ ਨਾਲ ਪਿੰਡ ਕੋਟਲੀ ਦੀ ਪੰਚਾਇਤ ਨਾਲ ਜ਼ਮੀਨੀ ਪੱਧਰ 'ਤੇ ਜਾ ਕੇ ਕੀਤੀ ਗੱਲਬਾਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 21 ਅਪ੍ਰੈਲ INTERNATIONAL PAPER, 9463601616 hardipchumber57@gmail.com

ਸ੍ਰੀ ਚਮਕੌਰ ਸਾਹਿਬ 21 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਅੱਜ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਵਿਦਿਆਰਥੀਆਂ ਵੱਲੋਂ ਪੰਚਾਇਤ ਰਾਜ ਦੇ ਢਾਂਚੇ ਨੂੰ ਚੰਗੀ ਤਰ੍ਹਾਂ ਨਾਲ ਜਾਨਣ ਦੇ ਮਨੋਰਥ ਨਾਲ ਪਿੰਡ ਕੋਟਲੀ ਦੀ ਪੰਚਾਇਤ ਨਾਲ ਜ਼ਮੀਨੀ ਪੱਧਰ 'ਤੇ ਜਾ ਕੇ ਗੱਲਬਾਤ ਕੀਤੀ ਗਈ। ਪਿੰਡ ਕੋਟਲੀ ਦੀ ਸੱਥ ਵਿੱਚ ਬੱਚਿਆਂ ਨੇ ਪੰਚਾਇਤ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਪ੍ਰਾਪਤ ਕੀਤੀ ਕਿ ਪੰਚਾਇਤ ਕਿਵੇਂ ਹੋਂਦ ਵਿੱਚ ਆਉਂਦੀ ਹੈ, ਇਹ ਕਿਵੇਂ ਕੰਮ ਕਰਦੀ ਹੈ,



ਪਿੰਡ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਿਵੇਂ ਕਰਦੀ ਹੈ, ਪਿੰਡ ਦੇ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਕਿਵੇਂ ਜਾਣੂ ਕਰਵਾਉਂਦੀ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਪੰਚਾਇਤ ਪਿੰਡ ਵਿੱਚ ਆਪਸੀ ਭਾਈਚਾਰਕ ਸਾਂਝ ਕਿਵੇਂ ਕਾਇਮ ਰੱਖਦੀ ਹੈ। ਪਿੰਡ ਦੇ ਸਰਪੰਚ ਸ: ਬਲਰਾਮ ਸਿੰਘ ਨੇ ਬੱਚਿਆਂ ਨਾਲ ਇੰਟਰਵਿਊ ਕਰਦਿਆਂ ਬੱਚਿਆਂ ਦੇ ਸਵਾਲਾਂ ਦੇ ਜਵਾਬ ਖੂਬਸੂਰਤ ਅੰਦਾਜ਼ ਵਿੱਚ ਦਿੱਤੇ। ਜਿਨ੍ਹਾਂ ਨਾਲ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਤਾਂ ਹੋਇਆ ਹੀ ਨਾਲ ਹੀ ਇਹ ਵੀ ਪਤਾ ਲੱਗਾ ਕਿ ਇੱਕ ਸਰਪੰਚ ਕਿਵੇਂ ਪਿੰਡ ਨੂੰ ਇਕਜੁੱਟ ਰੱਖਣ, ਸਮਾਜ ਭਲਾਈ ਦੇ ਕਾਰਜ ਕਰਨ ਅਤੇ ਪਿੰਡ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕਰਦਾ ਹੈ। ਬੱਚਿਆਂ ਨੇ ਪਿੰਡ ਵਿੱਚ ਵੱਖ ਵੱਖ ਥਾਵਾਂ 'ਤੇ ਚਲ ਰਹੇ ਕੰਮਾਂ ਦਾ ਜਾਇਜ਼ਾ ਵੀ ਲਿਆ। ਇਸ ਕਿਰਿਆ ਸਬੰਧੀ ਮੈਨੇਜਿੰਗ ਡਾਇਰੈਕਟਰ ਸ: ਹਰਜਿੰਦਰ ਸਿੰਘ ਜੀ ਨੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਬੱਚਿਆਂ ਨੂੰ ਸਿੱਖਿਆ ਦੇ ਅਸਲ ਗਿਆਨ ਨਾਲ ਜੋੜਨਾ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦਾ ਮੁੱਖ ਮਨੋਰਥ ਹੈ। ਇਸ ਸਮੇਂ ਪੰਚਾਇਤ ਮੈਂਬਰ ਪੰਚ ਰੂਪ ਸਿੰਘ, ਸੰਦੀਪ ਸਿੰਘ, ਕਰਮਜੀਤ ਕੌਰ, ਨੂਰੀ ਸ਼ਰਮਾ ਅਤੇ ਹਰਭਜਨ ਸਿੰਘ ਹਾਜ਼ਰ ਰਹੇ। ਅਧਿਆਪਕ ਬਲਤੇਜ ਸਿੰਘ ਅਤੇ ਰਮਨਦੀਪ ਕੌਰ ਨੇ ਬੱਚਿਆਂ ਨੂੰ ਪਿੰਡ ਲੈ ਕੇ ਜਾਣ ਅਤੇ ਪੰਚਾਇਤ ਦੁਆਰਾ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਹੋਰ

# ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ

- **ਜੰਗਲਾਤ, ਜੰਗਲੀ ਜੀਵ ਅਤੇ ਜੰਗਲਾਤ ਨਿਗਮ ਵਿੱਚ ਫਾਰਗ ਕੀਤੇ ਜਾ ਰਹੇ ਲੰਮੀਆਂ ਸੇਵਾਵਾ ਵਾਲੇ ਦਿਹਾੜੀਦਾਰ ਦੀ ਵਾਪਸੀ ਤੇ ਮੰਗਾਂ ਨੂੰ ਲੈ ਕੇ ਵਣ ਭਵਨ ਮੁਹਾਲੀ ਵਿਖੇ ਮਿਤੀ 14 ਮਈ 2025 ਦਿੱਤੇ ਜਾਣਗੇ— ਧਰਨੇ**

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਪਟਿਆਲਾ 21 ਅਪ੍ਰੈਲ (ਬੇਅੰਤ ਸਿੰਘ ਰੋਹਟੀ ਖਾਸ) ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਜੰਗਲਾਤ, ਜੰਗਲਾਤ ਨਿਗਮ ਵਿਚਲੇ ਲੰਮੀਆਂ ਸੇਵਾਵਾਂ ਕਰਦੇ ਡੇਲੀਵੇਜਿਜ਼ ਕਰਮੀਆਂ ਜਿੱਥੇ ਰੈਗੂਲਰ ਕਰਨਾ ਬਣਦਾ ਸੀ, ਉੱਥੇ ਵਿਭਾਗ ਦੀ ਅਫਸਰਸ਼ਾਹੀ, ਉਹਨਾਂ ਨੂੰ ਸੇਵਾਵਾ ਤੋਂ ਫਾਰਗ ਕੀਤਾ ਜਾ ਰਿਹਾ ਹੈ। ਦਸੰਬਰ, ਜਨਵਰੀ, ਫਰਵਰੀ ਅਤੇ ਮਾਰਚ ਮਹੀਨਿਆਂ ਦੀਆਂ ਤਨਖਾਹਾਂ ਵੀ ਨਹੀਂ ਦਿੱਤੀਆਂ ਗਈਆਂ। ਜਦੋਂ ਕਿ ਫਾਰਗ ਕੀਤੇ ਕਰਮੀਆਂ ਦਾ ਨਾਮ 10 ਸਾਲਾਂ ਤੋਂ ਵੱਧ ਸੇਵਾਵਾ ਵਾਲੀ ਸੀਨੀਆਤਰਾ ਸੂਚੀਆਂ ਵਿੱਚ ਸ਼ਾਮਲ ਹੈ।

ਯੂਨੀਅਨ ਦੇ ਪ੍ਰਮੁੱਖ ਆਗੂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੂਬਾ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾ ਤੇ ਜੰਗਲਾਤ, ਜੰਗਲੀ ਜੀਵ, ਜੰਗਲਾਤ ਨਿਗਮ ਪ੍ਰਧਾਨ ਜਗਮੋਹਨ ਨੋਲੱਖਾ ਨੇ ਬੀਤੇ ਦਿਨੀ ਜੰਗਲਾਤ ਵਿਸ਼ਰਾਮਘਰ ਰਾਣੀ ਨਿਧੀ ਵਿਖੇ ਭਰਵੀ ਮੀਟਿੰਗ ਵਿਭਾਗ ਦੀ ਅਫਸਰਸ਼ਾਹੀ ਵਿਰੁੱਧ ਮਿਤੀ 14—04—2025 ਤੋਂ ਵਣ ਭਵਨ ਮੁਹਾਲੀ ਵਿਖੇ ਧਰਨੇ ਦੇਣ ਰੈਲੀਆਂ ਕਰਨ ਦਾ ਐਕਸ਼ਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹਨਾਂ ਆਗੂਆਂ ਨੈ ਕਿਹਾ ਕਿ ਅਫਸਰਸ਼ਾਹੀ ਇਤਨੀ ਕੁਰੱਪਟ ਤੇ ਬੇ—ਲਗਾਮ ਹੋ ਚੁੱਕੀ ਹੈ ਕਿ ਵਣ ਮੰਤਰੀ ਵੱਲੋਂ ਮਿਤੀ 13 ਫਰਵਰੀ 2024 ਅਤੇ ਮਿਤੀ 18 ਫਰਵਰੀ 2025 ਨੂੰ ਯੂਨੀਅਨ ਆਗੂਆਂ ਨਾਲ ਮੀਟਿੰਗ ਕਰਕੇ ਕਾਮਿਆ ਨੂੰ ਕੰਮਾਂ ਤੋਂ ਫਾਰਗ ਨਾ ਕਰਨ ਦੇ ਆਦੇਸ਼ ਦਿੱਤੇ ਗਏ ਸਨ, ਕਾਮਿਆਂ ਨੂੰ ਰੈਗੂਲਰ ਕਰਨ, ਤਨਖਾਹਾਂ ਜਾਰੀ ਕਰਨ, ਰਹਿ ਗਏ ਕਰਮੀਆਂ ਨੂੰ ਸੀਨੀਆਰਤਾ ਵਿੱਚ ਸ਼ਾਮਲ ਕਰਨ, ਮੌਸਮੀ ਵਰਦੀਆਂ ਜਾਰੀ ਕਰਨ ਅਤੇ ਗਰੈਚੂਟੀ ਐਕਟ 1972 ਦੀ ਰੋਸ਼ਨੀ ਵਿੱਚ ਗਰੈਚੂਟੀ ਤੇ ਘਰ— ਘਰ ਪੈਨਸ਼ਨ ਜਾਰੀ ਕਰਨ, ਵਰਗੇ ਫੈਸਲੇ ਕੀਤੇ ਗਏ ਸਨ, ਪਰੰਤੂ ਵਣ ਵਿਭਾਗ ਦੀ ਅਫਸਰਸ਼ਾਹੀ ਨੇ ਨਾ ਤਾਂ ਦੋਨੋ ਮੀਟਿੰਗਾਂ ਦੀਆਂ ਪ੍ਰੋਸੀਡਿੰਗਾਂ ਜਾਰੀ ਕੀਤੀਆਂ ਹਨ ਅਤੇ ਨਾ ਹੀ ਇੱਕ ਵੀ ਫੈਸਲਾ ਲਾਗੂ ਕਰਨ ਲਈ ਖੇਤਰੀ ਦਫਤਰਾਂ ਨੂੰ ਲਿਖਿਆ ਗਿਆ ਹੈ।

ਇ ਕੱ ਤ ਰ ਤਾ ਵਿੱਚ ਜੰਗਲੀ ਜੀਵ ਤੇ ਜੰਗਲਾਤ ਰੋਜਾਨਾ ਦੀਆਂ ਸਬ ਕਮੇਟੀਆਂ ਦੀ ਚੋਣ ਵੀ ਕੀਤੀ ਗਈ। ਜਿਸ ਵਿੱਚ ਜ਼ੋ ਆਹੁਦੇਦਾਰ ਚੁਣੇ ਗਏ ਉਸ ਵਿੱਚ ਰੇਂਜ ਜੰਗਲਾਤ ਦੇ ਸਰਪ੍ਰਸਤ ਜਗਮੋਹਨ ਨੋਲੱਖਾ, ਦਰਸ਼ਨ ਸਿੰਘ ਮਲੇਵਾਲ ਪ੍ਰਧਾਨ, ਹਰਭੀਮ ਸਿੰਘ ਉਪ ਪ੍ਰਧਾਨ, ਜ਼ਸਵਿੰਦਰ ਸਿੰਘ ਖਜਾਨਚੀ, ਪ੍ਰਗਟ ਸਿੰਘ ਸਹਾਇਕ ਖਜਾਨਚੀ, ਗੁਰਮੀਤ ਸਿੰਘ ਸਕੱਤਰ, ਭਾਨ ਸਿੰਘ ਜੁਆਇੰਟ ਸਕੱਤਰ, ਮੇਘ ਸਿੰਘ ਉਪ ਪ੍ਰਧਾਨ, ਲਖਵਿੰਦਰ ਲੱਕੀ ਮੀਤ ਪ੍ਰਧਾਨ, ਬਲਕਾਰ ਸਿੰਘ ਪ੍ਰਚਾਰ ਸਕੱਤਰ, ਗੁਰਜੰਟ ਸਿੰਘ ਉਪ ਪ੍ਰਧਾਨ, ਤਰਲੋਚਨ ਮਾੜੂ ਮੁੱਖ ਸਲਾਹਕਾਰ, ਬਲਵਿੰਦਰ ਨਾਭਾ ਸਲਾਹਕਾਰ, ਜਰਨੈਲ ਸਿੰਘ ਉਪ ਪ੍ਰਧਾਨ, ਰਾਮ ਸਿੰਘ ਮੀਤ ਪ੍ਰਧਾਨ ਚੁਣੇ ਗਏ ਅਤੇ ਰੇਂਜ ਜੰਗਲੀ ਜੀਵ ਸਰਪ੍ਰਸਤ ਜਗਮੋਹਨ ਨੋਲੱਖਾ, ਪ੍ਰਧਾਨ ਸੋਮ ਦੱਤ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸਿੰਘ ਮਹੰਤ, ਸਕੱਤਰ ਬਲਦੇਵ ਸਿੰਘ, ਜੁਆਇੰਟ ਸਕੱਤਰ ਬਲਵਿੰਦਰ ਸਿੰਘ ਭਾਦਸੋਂ, ਉਪ ਪ੍ਰਧਾਨ ਨਿਰਮਲ ਸਿੰਘ , ਖਜਾਨਚੀ ਪਰਵਿੰਦਰ ਸਿੰਘ ਭਾਦਸੋ, ਪ੍ਰਚਾਰ ਸਕੱਤਰ ਸਪਿੰਦਰ ਸਿੰਘ, ਪ੍ਰੈਸ ਸਕੱਤਰ ਰਜਿੰਦਰ ਕੁਮਾਰ, ਮਨਦੀਪ ਸ਼ਰਮਾ, ਸਲਾਹਕਾਰ ਕੁਲਦੀਪ ਸਿੰਘ, ਸਲਾਹਕਾਰ ਹਰਪ੍ਰੀਤ ਗਿਰ, ਮੁੱਖ ਸਲਾਹਕਾਰ ਕੁਲਵਿੰਦਰ ਸਿੰਘ ਕਾਲਵਾ ਮੁੱਖ ਸਲਾਹਕਾਰ ਤਰਲੋਚਨ ਗਿਰ ਮਾੜੂ ਆਦਿ ਆਗੂ ਚੁਣੇ ਗਏ ਇਨ੍ਹਾਂ ਨੇ ਫੈਸਲਾ ਕੀਤਾ ਕਿ ਵਣ ਮੰਡਲ ਪਟਿਆਲਾ ਵੱਲੋਂ ਤਨਖਾਹਾਂ ਜਾਰੀ ਨਾ ਕਰਨ ਤੇ ਮਿਤੀ 22—04—2025 ਨੂੰ ਵਣ ਮੰਡਲ ਦਫਤਰ ਅੱਗੇ ਗੇਟ ਰੈਲੀ ਵੀ ਕੀਤੀ ਜਾਵੇਗੀ।

# ਪੰਜਾਬ ਭਾਰਤ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਨ ਵੱਲ ਵਧ ਰਿਹਾ ਹੈ: ਹਰਪਾਲ ਸਿੰਘ ਚੀਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਆਪਣੀ ਧਰਤੀ ਤੋਂ ਨਸ਼ਿਆਂ ਦੇ ਖਾਤਮੇ ਲਈ ਆਪਣੇ ਮਿਸ਼ਨ ਪ੍ਰਤੀ ਦ੍ਰਿੜ ਹੈ, ਯੁੱਧ ਨਾਸ਼ੀਆਂ ਵਿਰੁੱਧ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਨ ਲਈ ਰਾਜ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਹੁਸ਼ਿਆਰਪੁਰ ਦੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ ਇੱਕ ਮਹੱਤਵਪੂਰਨ ਮੀਟਿੰਗ ਤੋਂ ਬਾਅਦ ਇੱਥੇ ਮੀਡੀਆ ਨੂੰ ਸੰਬੋਧਨ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਤਹਿਤ ਚੁੱਕੇ ਗਏ ਠੋਸ ਕਦਮਾਂ ‘ਤੇ ਚਾਨਣਾ ਪਾਇਆ। ਚੀਮਾ ਨੇ ਕਿਹਾ, “ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿੱਚ 91% ਸਜ਼ਾ ਦਰ ਦੇ ਨਾਲ, ਹੁਸ਼ਿਆਰਪੁਰ ਜ਼ਿਲ੍ਹੇ ਨੇ ਨਸ਼ਾ ਤਸਕਰਾਂ ਵਿਰੁੱਧ ਯਤਨਾਂ ਦੀ ਅਗਵਾਈ ਕੀਤੀ ਹੈ, ਜਿਸ ਨਾਲ ਹੁਣ ਤੱਕ 179 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 271 ਗ੍ਰਿਫ਼ਤਾਰੀਆਂ ਹੋਈਆਂ ਹਨ।” ਵਿੱਤ ਮੰਤਰੀ ਨੇ ਕਿਹਾ ਕਿ ਇਸ ਲੜਾਈ ਵਿੱਚ ਜਨਤਾ ਦੀ ਭਾਗੀਦਾਰੀ ਮਹੱਤਵਪੂਰਨ ਰਹੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਸੁਰੱਖਿਅਤ ਪੰਜਾਬ ਮੁਹਿੰਮ ਤਹਿਤ ਨਾਗਰਿਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ ‘ਤੇ 17 ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਦੇ ਭਾਰੀ ਸਮਰਥਨ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਕਾਰਵਾਈਯੋਗ ਖੁਫੀਆ ਜਾਣਕਾਰੀ ‘ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾਵੇ। ਵਿੱਤ ਮੰਤਰੀ ਨੇ ਅੱਗੇ ਦੱਸਿਆ ਕਿ ਯੁੱਧ ਨਾਸ਼ੀਆਂ ਵਿਰੁੱਧ ਮੁਹਿੰਮ ਨੇ ਜ਼ਿਲ੍ਹੇ ਵਿੱਚ ਮਹੱਤਵਪੂਰਨ ਗਤੀ ਪ੍ਰਾਪਤ ਕੀਤੀ ਹੈ, 527 ਸੰਪਰਕ ਮੀਟਿੰਗਾਂ ਕੀਤੀਆਂ ਗਈਆਂ ਹਨ ਅਤੇ 970 ਰੱਖਿਆ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਨਸ਼ਿਆਂ ਨੂੰ ਖਤਮ ਕਰਨ ਲਈ ਜ਼ਮੀਨੀ ਪੱਧਰ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ। “ਏਕਤਾ ਦੇ ਇੱਕ ਬੇਮਿਸਾਲ ਪ੍ਰਦਰਸ਼ਨ ਵਿੱਚ, 442 ਪਿੰਡ ਪੰਚਾਇਤਾਂ ਨੇ ਇਸ ਨਸ਼ਾ ਵਿਰੋਧੀ ਪਹਿਲਕਦਮੀ ਦਾ ਸਮਰਥਨ ਕਰਦੇ ਹੋਏ ਮਤੇ ਪਾਸ ਕੀਤੇ ਹਨ”, ਉਨ੍ਹਾਂ ਅੱਗੇ ਕਿਹਾ। ਵਿੱਤ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ 18 ਮੁੱਖ ਹੌਟਸਪੌਟਾਂ ਦੀ ਪਛਾਣ ਕੀਤੀ ਹੈ ਅਤੇ ਅੰਤਰਰਾਜੀ ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਰੋਕਣ ਲਈ ਨਿਗਰਾਨੀ ਨੂੰ ਮਜ਼ਬੂਤ ਕੀਤਾ ਹੈ, ਖਾਸ ਕਰਕੇ ਹਿਮਾਚਲ ਪ੍ਰਦੇਸ਼ ਤੋਂ। ਹਿਮਾਚਲ ਪੁਲਿਸ ਨਾਲ ਇੱਕ ਸਾਂਝੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਸਰਹੱਦ ਪਾਰ ਤਾਲਮੇਲ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਨਸ਼ੇ ਹੜ੍ਹ ਵਾਂਗ ਪੰਜਾਬ ਵਿੱਚ ਘੁਸਪੈਠ ਕਰ ਗਏ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਬਾਅਦ ਵਿੱਚ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ, ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਨਸ਼ਿਆਂ ਵਿਰੁੱਧ ਬੇਮਿਸਾਲ ਲੜਾਈ ਲੜ ਰਹੀ ਹੈ। ਉਨ੍ਹਾਂ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ: ਜਾਂ ਤਾਂ ਪੰਜਾਬ ਛੱਡ ਦਿਓ ਜਾਂ ਇਸ ਵਪਾਰ ਨੂੰ ਛੱਡ ਦਿਓ ਕਿਉਂਕਿ ਇਸ ਖ਼ਤਰੇ ਨੂੰ ਆਖਰੀ ਝਟਕਾ ਦੇਣ ਲਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਪੰਜਾਬ ਦੇ ਭਵਿੱਖ ਨੂੰ ਨਸ਼ਿਆਂ ਦੇ ਚੁੰਗਲ ਤੋਂ ਮੁਕਤ ਕਰਨ ਲਈ ਆਪਣੀ ਵਚਨਬੱਧਤਾ ਵਿੱਚ ਅਟੱਲ ਹੈ, ਜਿਸ ਨਾਲ ਲੋਕਾਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਕੱਲ੍ਹ ਯਕੀਨੀ ਬਣਾਇਆ ਜਾ ਸਕੇ।

# ਪੰਜਾਬ ਸਿੱਖਿਆ ਕ੍ਰਾਂਤੀ’: 26 ਲੱਖ ਰੁਪਏ ਦੀ ਲਾਗਤ ਨਾਲ 5 ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com



ਫਗਵਾੜਾ, 21 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਅਤੇ ਬਦਲਾਅ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ। 5 ਹੋਰ ਸਰਕਾਰੀ ਸਕੂਲਾਂ ਵਿੱਚ 26 ਲੱਖ ਰੁਪਏ ਦੀ ਲਾਗਤ ਨਾਲ ਉਦਘਾਟਨ ਕੀਤਾ ਗਿਆ। ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਫਗਵਾੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਚਾਚੋਕੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਰਵਿਦਾਸ ਨਗਰ ਵਿੱਚ ਵਿਗਿਆਨ ਪ੍ਰਯੋਗਸ਼ਾਲਾਵਾਂ ਅਤੇ ਵਾਧੂ ਕਲਾਸਰੂਮ ਜਨਤਾ ਨੂੰ ਸਮਰਪਿਤ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਸਕੂਲਾਂ ਦਾ ਚਿਹਰਾ ਬਦਲਿਆ ਜਾ ਰਿਹਾ ਹੈ, ਜਿਸ ਕਾਰਨ ਨਾ ਸਿਰਫ਼ ਬੁਨਿਆਦੀ ਢਾਂਚੇ ਵਿੱਚ ਸੁਧਾਰ ਹੋ ਰਿਹਾ ਹੈ, ਸਗੋਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਲਈ ਅਤਿ-ਆਧੁਨਿਕ ਸਹੂਲਤਾਂ ਵੀ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਕਪੂਰਥਲਾ ਜ਼ਿਲ੍ਹੇ ਦੇ ਲਗਭਗ 120 ਸਰਕਾਰੀ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ। ਜ਼ਿਲ੍ਹੇ ਦੇ 255 ਸੀਨੀਅਰ ਸੈਕੰਡਰੀ ਸਕੂਲਾਂ ਅਤੇ 543 ਪ੍ਰਾਇਮਰੀ ਸਕੂਲਾਂ ਵਿੱਚ ਵਿਕਾਸ ਕਾਰਜ ਕੀਤੇ ਜਾਣਗੇ। ਪੰਜਾਬ ਬੀ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੇ ਚੇਅਰਮੈਨ ਸੰਦੀਪ ਸੈਣੀ ਨੇ ਕਪੂਰਥਲਾ ਬਲਾਕ ਦੇ ਸਰਕਾਰੀ ਪ੍ਰਾਇਮਰੀ ਸਕੂਲ, ਤਰਲੋਕਪੁਰਾ, ਸਰਕਾਰੀ ਪ੍ਰਾਇਮਰੀ ਸਕੂਲ ਹੋਸਟਲ, ਸਰਕਾਰੀ ਮਿਡਲ ਸਕੂਲ, ਮਹਿਤਾਬਗੜ੍ਹ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ, ਪੰਜਾਬ ਸਰਕਾਰ ਸਕੂਲਾਂ ਵਿੱਚ ਵਾਧੂ ਕਲਾਸਰੂਮ, ਵਿਗਿਆਨ ਪ੍ਰਯੋਗਸ਼ਾਲਾਵਾਂ, ਚਾਰਦੀਵਾਰੀਆਂ ਆਦਿ ਦਾ ਨਿਰਮਾਣ ਕਰ ਰਹੀ ਹੈ। ਇਸ ਮੌਕੇ ਸਾਬਕਾ ਮੰਤਰੀ ਅਤੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਡਾ. ਅਕਸ਼ਿਤਾ ਗੁਪਤਾ, ਚੇਅਰਮੈਨ ਜਗਜੀਤ ਸਿੰਘ ਬਿੱਟੂ ਅਤੇ ਹੋਰ ਹਾਜ਼ਰ ਸਨ।

# ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ ਮੋਰਿੰਡਾ ਵਲੋਂ ਸਕੂਲੀ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com




ਮੋਰਿੰਡਾ 21 ਅਪ੍ਰੈਲ (ਪਤਰ ਪ੍ਰੇਰਕ,)ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ ਮੋਰਿੰਡਾ ਵੱਲੋਂ ਅੱਜ ਮੋਰਿੰਡਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਅਸੀਂ ਛੋਟੀ ਜਿਹੀ ਸ਼ੁਰੂਆਤ ਕੀਤੀ ਹੈ ਜਿਸ ਵਿੱਚ ਅਸੀਂ ਮੋਰਿੰਡਾ ਬਲਾਕ ਦੇ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਦੇਣਾ ਸ਼ੁਰੂ ਕੀਤਾ ਹੈ। ਉਹਨਾਂ ਕਿਹਾ ਕਿ ਅੱਜ ਸਾਡੇ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮੋਰਿੰਡਾ ਦੇ 250 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਵੰਡ ਕੇ ਇਸ ਮੁਹਿੰਮ ਨੂੰ ਅੱਗੇ ਵਧਾਇਆ। ਉਹਨਾਂ ਕਿਹਾ ਕਿ ਸਾਨੂੰ ਆਪਣੀ ਸਮਰੱਥਾ ਦੇ ਅਨੁਸਾਰ ਹਰੇਕ ਲੋੜਵੰਦ ਵਿਅਕਤੀ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸਾਡੇ ਕਲੱਬ ਵੱਲੋਂ ਮੋਰਿੰਡਾ ਦੇ 60 ਪਿੰਡਾਂ ਦੇ ਸਕੂਲਾਂ ਚ ਕਰੀਬ 2500 ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਦਾ ਸਮਾਨ ਵੰਡਿਆਂ ਜਾਵੇਗਾ । ਇਸ ਮੌਕੇ ਉਹਨਾਂ ਨਾਲ ਅਮਰਜੀਤ ਸਿੰਘ ਲੱਲਾ ਰੌਣੀ , ਅਤੇ ਅਰਵਿੰਦਰ ਸਿੰਘ ਮੌਜੂਦ ਸਨ। ਇਸ ਮੌਕੇ ਆਏ ਹੋਏ ਦਾਨੀ ਸੱਜਣਾਂ ਦਾ ਅਧਿਆਪਕ ਹਰਪ੍ਰੀਤ ਸਿੰਘ ਸੰਧੂ ,ਮਨਿੰਦਰਪਾਲ ਕੌਰ, ਹਰਵਿੰਦਰ ਕੌਰ,ਸਮਿਤਾ ਸ਼ਰਮਾ, ਜੋਤੀ, ਪਰਵਿੰਦਰ ਕੌਰ, ਅਰਪਨਾ, ਹਰਜੀਤ ਕੌਰ ਅਤੇ ਗੁਰਜੀਤ ਕੌਰ ਵੱਲੋਂ ਧੰਨਵਾਦ ਕੀਤਾ । ਇਸ ਮੌਕੇ ਹਾਜ਼ਰ ਬਲਵੀਰ ਸਿੰਘ ਲਾਲਾ ਨੇ ਕਲੱਬ ਦੇ ਇਸ ਉਦਮ ਦੀ ਜ਼ੋਰਦਾਰ ਪ੍ਰਸੰਸਾ ਕਰਦਿਆਂ ਆਖਿਆ ਕਿ ਕਲੱਬ ਦੇ ਅਹੁੱਦੇਦਾਰ ਇਸ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਣ ।ਇਸ ਮੌਕੇ ਹੋਰਨਾ ਤੋਂ ਇਲਾਵਾ ਜੌਲੀ ਸੂਦ, ਸਰਦਾਰਾ ਸਿੰਘ, ਮਨਿੰਦਰਪਾਲ ਕੌਰ, ਹਰਵਿੰਦਰ ਕੌਰ,ਸਮਿਤਾ ਸਰਮਾ, ਪਰਵਿੰਦਰ ਕੌਰ, ਅਰਪਨਾ, ਹਰਜੀਤ ਕੌਰ ਅਤੇ ਜੋਤੀ ਸਮੇਤ ਅਨੇਕਾਂ ਪਤਵੰਤੇ ਸੱਜਣ ਅਤੇ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

# 300 ਤੋਂ ਵੱਧ ਵਿਦਿਆਰਥੀਆਂ ਨੇ ਕੱਢੀ ਨਸ਼ਿਆਂ ਵਿਰੁੱਧ ਰੈਲੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 21 ਅਪਰੈਲ
INTERNATIONAL PAPER, 94636 01616
hardipchumber57@gmail.com

ਫ਼ਗਵਾੜਾ 21 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ “ਯੁੱਧ ਨਸ਼ੇ ਵਿਰੁੱਧ“ ਗੁਰੂ ਨਾਨਕ ਪ੍ਰੇਮ ਕਰਮਸਰ ਸਕੂਲ ਨਡਾਲਾ ਦੇ 300 ਵਿਦਿਆਰਥੀਆਂ ਨੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਉਣ ਲਈ ਰੈਲੀ ਕੱਢੀ । ਰੈਲੀ ਨੂੰ ਐਸ ਡੀ ਐਮ ਡੈਵੀ ਗੋਇਲ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਜੋ ਕਿ ਨਡਾਲਾ ਕਸਬੇ ਵਿਚ ਲੋਕਾਂ ਨੂੰ ਨਸ਼ੇ ਦੀ ਮਾਰ ਬਾਰੇ ਦੱਸਦੇ ਹੋਏ ਵਾਪਸ ਸਕੂਲ ਆ ਕੇ ਸਮਾਪਤ ਹੋਈ ।

ਐਸ ਡੀ ਐਮ ਡੈਵੀ ਗੋਇਲ ਨੇ ਦੱਸਿਆ ਕਿ ਭੁਲੱਥ ਹਲਕੇ ਦੇ ਸਕੂਲਾਂ ਅੰਦਰ ਵਿਦਿਆਰਥੀਆਂ ਨੂੰ ਨਸ਼ਾ ਵਿਰੋਧੀ ਲਹਿਰ ਦਾ ਹਿੱਸਾ ਬਣਾਇਆ ਗਿਆ ਹੈ । ਉਨ੍ਹਾਂ ਦੱਸਿਆ ਕਿ ਸਕੂਲਾਂ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਸੈਮੀਨਾਰ ਕਰਵਾਉਣ,ਰੈਲੀਆਂ ਕੱਢਣ, ਲੇਖ ਲਿਖਣ ਤੇ ਪੇਂਟਿੰਗ ਆਦਿ ਵਰਗੇ ਮੁਕਾਬਲੇ ਕਰਵਾਏ ਜਾ ਰਹੇ ਹਨ ।




ਸ੍ਰੀ ਗੋਇਲ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਨਸ਼ੇ ਦੇ ਮਾੜੇ ਅਸਰ,ਬਚਾਅ ਬਾਰੇ ਦੱਸਣ ਤਾਂ ਜੋ ਇਸ ਸਮਾਜਿਕ ਕੋਹੜ ਨੂੰ ਰੋਕਿਆ ਜਾ ਸਕੇ ਵਿਦਿਆਰਥੀਆਂ ਵੱਲੋਂ ਹੱਥਾਂ ਵਿੱਚ ਨਸ਼ਾ ਵਿਰੋਧੀ ਨਾਅਰਿਆਂ ਨਾਲ ਲਿਖੀਆਂ ਤਖ਼ਤੀਆਂ ਫੜਕੇ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ ।

# SC ST ਵੈਲਫੇਅਰ ਆਰਗੈਨਾਈਜੇਸ਼ਨ ਪੀਐਨਬੀ ਬੈਂਕ ਐਸੋਸੀਏਸ਼ਨ ਪਟਿਆਲਾ ਵੱਲੋਂ ਅੰਬੇਡਕਰ ਜਯੰਤੀ ਹਫਤਾ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

20 ਅਪ੍ਰੈਲ 2025 ਨੂੰ ਪਟਿਆਲਾ ਸਥਿਤ ਹਰਪਾਲ ਤਿਵਾਨਾ ਆਡੀਟੇਰੀਅਮ ਵਿੱਚ SC ST ਵੈਲਫੇਅਰ ਆਰਗੈਨਾਈਜੇਸ਼ਨ ਵੱਲੋਂ ਅੰਬੇਡਕਰ ਜਯੰਤੀ ਹਫਤਾ ਮਨਾਇਆ ਗਿਆ। ਇਸ ਮੌਕੇ ਤੇ ਰੰਗ-ਰੰਗ ਸਾਂਸਕ੍ਰਿਤਿਕ ਪ੍ਰੋਗਰਾਮ ਹੋਏ, ਜਿਸ ਵਿੱਚ ਭੰਗੜਾ ਅਤੇ ਹੋਰ ਰਵਾਇਤੀ ਪ੍ਰਸਤੁਤੀਆਂ ਸ਼ਾਮਲ ਸਨ। ਇਸ ਤੋਂ ਇਲਾਵਾ ਬੱਚਿਆਂ ਨੂੰ




ਕਾਪੀਆਂ ਅਤੇ ਕਿਤਾਬਾਂ ਵੀ ਵੰਡੀਆਂ ਗਈਆਂ।

ਇਸ ਸਮਾਗਮ ਵਿੱਚ ਲਗਭਗ 600 ਤੋਂ 700 ਲੋਕ ਮੌਜੂਦ ਸਨ। ਵੱਖ-ਵੱਖ SC ਅਤੇ ST ਸੰਗਠਨਾਂ ਅਤੇ ਯੂਨਿਅਨਾਂ ਦੇ ਆਗੂ ਦੂਰ-ਦੂਰੋਂ ਇਸ ਸਮਾਰੋਹ ਵਿੱਚ ਸ਼ਮੂਲ ਹੋਏ। ਪੰਜਾਬ ਅਤੇ ਨਜ਼ਦੀਕੀ ਇਲਾਕਿਆਂ ਦੇ ਕਈ SC ST ਸੰਗਠਨਾਂ ਨੇ ਵੀ ਵਧ ਚੜ੍ਹ ਕੇ ਭਾਗ ਲਿਆ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ "ਜੀਤਾ ਸਿੱਖੇ" ਸੰਸਥਾ ਦੇ ਸੰਸਥਾਪਕ ਆਚਾਰਯਾ ਸ਼੍ਰੀ ਮਨੀਸ਼ ਗ੍ਰੋਵਰ ਸਨ। ਆਰਗੈਨਾਈਜੇਸ਼ਨ ਦੇ ਜਨਰਲ ਸਕੱਤਰ ਸ਼੍ਰੀ ਮਹੇਸ਼ ਕੁਮਾਰ ਜੀ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਨਮ ਜਯੰਤੀ ਪੂਰੇ ਹਫਤੇ ਤੱਕ ਮਨਾਉਂਦੀ ਹੈ ਅਤੇ ਹਰ ਰੋਜ਼ ਸਮਾਜ ਲਈ ਕੁਝ ਨਾ ਕੁਝ ਭਲਾਈ ਦਾ ਕੰਮ ਕਰਦੀ ਹੈ, ਜਿਵੇਂ ਕਿ ਗਰੀਬ ਬੱਚਿਆਂ ਨੂੰ ਕਿਤਾਬਾਂ ਵੰਡਣਾ, ਲੰਗਰ ਲਗਾਉਣਾ ਆਦਿ।

# ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

ਲੁਧਿਆਣਾ (ਗੁਰਦੀਪ ਸਿੰਘ) ਖੂਨਦਾਨ ਪਿੰਡ ਬੁਰਜ ਹਰੀ ਸਿੰਘ ਵਾਲਾ ਵਿਖੇ ਸਵ: ਭਗਵੰਤ ਸਿੰਘ ਗਰੇਵਾਲ ਜੀ ਦੀ ਯਾਦ ਵਿੱਚ ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 800ਵਾਂ ਮਹਾਨ ਖੂਨਦਾਨ ਕੈਂਪ ਪਰਦੀਪ ਸਿੰਘ ਗਰੇਵਾਲ ਪਰਿਵਾਰ, ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਵੈਲਫੇਅਰ ਕਲੱਬ ਅਤੇ ਨਗਰ ਨਿਵਾਸੀਆਂ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ। ਇਸ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਕਾਮਿਲ ਅਮਰ



ਸਿੰਘ ਹਲਕਾ ਇੰਚਾਰਜ ਅਤੇ ਲਕੀ ਸੰਧੂ ਜਰਨਲ ਸਕੱਤਰ ਯੂਥ ਕਾਂਗਰਸ ਪੰਜਾਬ ਨੇ ਸਾਂਝੇ ਤੌਰ ਤੇ ਕੀਤਾ।ਇਸ ਮੌਕੇ ਤੇ ਕਾਮਿਲ ਅਮਰ ਸਿੰਘ ਤੇ ਲਕੀ ਸੰਧੂ ਨੇ ਪਰਦੀਪ ਸਿੰਘ ਗਰੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਪਣੇ ਜਨਮ ਦਿਨ ਤੇ ਦਾਦੇ ਸਵ: ਭਗਵੰਤ ਸਿੰਘ ਗਰੇਵਾਲ ਦੀ ਯਾਦ ਖੂਨਦਾਨ ਕਰਕੇ ਨੋਜਵਾਨਾਂ ਲਈ ਪ੍ਰੇਰਣਾ ਸਰੋਤ ਬਣੇ। ਇਸ ਸਮੇਂ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਖੂਨਦਾਨ ਕੈਂਪ ਦੌਰਾਨ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈਕੇ ਦਿੱਤਾ ਜਾਵੇਗਾ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ, ਸਾਬਕਾ ਸਰਪੰਚ ਭੁਪਿੰਦਰ ਕੌਰ, ਪੰਚ ਸੁਖਦੀਪ ਸਿੰਘ ਗਰੇਵਾਲ, ਪਾਲੀ ਪੁੜੈਣ, ਨਿਸ਼ਾਨ ਸਿੰਘ ਗਰੇਵਾਲ, ਨਰਵੀਰ ਸਿੰਘ ਰੰਮੀ, ਕੰਵਲਜੀਤ ਸਿੰਘ ਲਾਲੀ,ਦਵਿੰਦਰ ਸਿੰਘ ਬਿੰਦੂ, ਗੁਰਸੇਵਕ ਸਿੰਘ ਟੀਟੂ,ਲਖਵਿੰਦਰ ਸਿੰਘ ਨਿੱਕਾ,ਗੁਰਵਿੰਦਰ ਸਿੰਘ, ਬਲਜੀਤ ਸਿੰਘ ਦਿਓਲ, ਬਲਰਾਜ ਮਹੇ, ਅਕਾਸ਼ਦੀਪ ਸਿੰਘ ਗਰੇਵਾਲ, ਰਵੀ ਸਰਪੰਚ, ਵਿਕੀ, ਮਨੀ,ਬਨੀ ਥੈਰਾ, ਕਾਕਾ ਗਰੇਵਾਲ, ਅਵਤਾਰ ਸਿੰਘ ਗਿੱਲ, ਭੁਪਿੰਦਰ ਕੌਰ ਹਰਨੇਕ ਸਿੰਘ ਅਲਖ,ਲੰਬਰਦਾਰ ਜਸਵਿੰਦਰ ਸਿੰਘ,ਲੰਬਰਦਾਰ ਕਮਲਜੀਤ ਸਿੰਘ,ਲੰਬਰਦਾਰ ਬਲਜਿੰਦਰ ਸਿੰਘ, ਸਾਬਕਾ ਪੰਚ ਦਲਜੀਤ ਸਿੰਘ, ਬਲਜੀਤ ਸਿੰਘ ਗਰੇਵਾਲ ਪੰਚ ਮਹਿੰਦਰ ਸਿੰਘ, ਮੁਖਤਿਆਰ ਸਿੰਘ,ਸੁਖਦੀਪ ਸਿੰਘ, ਕੈਪਟਨ ਰਣਜੀਤ ਸਿੰਘ,ਦੁੱਲਾ ਗਰੇਵਾਲ, ਰਤਨ ਸਿੰਘ, ਮਾਸਟਰ ਬਹਾਦਰ ਸਿੰਘ,ਮਾਸਟਰ ਸਾਧੂ ਸਿੰਘ ਹਾਜ਼ਰ ਸਨ।

# ਕੈਬਨਿਟ ਮੰਤਰੀ ਡਾ. ਰਵਜੋਤ ਅਤੇ ਵਿਧਾਇਕ ਜਿੰਪਾ ਨੇ ਵਾਰਡ ਨੰਬਰ 21 ਵਿੱਚ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਹੁਸ਼ਿਆਰਪੁਰ ਦੇ ਵਾਰਡ ਨੰਬਰ 21 ਵਿੱਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਸਥਾਨਕ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਗਲੀਆਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਵਿਕਾਸ ਦੀਆਂ ਨਵੀਆਂ ਮਿਸਾਲਾਂ ਕਾਇਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਅਧੂਰੇ



ਪਏ ਕੰਮਾਂ ਨੂੰ ਤਰਜੀਹ ਦੇ ਨਾਲ ਪੂਰਾ ਕੀਤਾ ਜਾ ਰਿਹਾ ਹੈ। ਡਾ. ਰਵਜੋਤ ਨੇ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਇਸੇ ਦਿਸ਼ਾ ਵਿੱਚ ਇਹ ਨਿਰਮਾਣ ਕਾਰਜ ਇੱਕ ਅਹਿਮ ਕਦਮ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਨਿਰਮਾਣ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਹੋਵੇ ਅਤੇ ਗੁਣਵੱਤਾ ਦਾ ਖਾਸ ਧਿਆਨ ਰੱਖਿਆ ਜਾਵੇ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਲਾਕੇ ਦੇ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਇੱਥੋਂ ਦੀਆਂ ਜਰਜਰ ਗਲੀਆਂ ਦਾ ਪੁਨਰਨਿਰਮਾਣ ਕੀਤਾ ਜਾਵੇ। ਇਸ ਕਾਰਜ ਨੂੰ ਤਰਜੀਹ ਦੇ ਆਧਾਰ 'ਤੇ ਗਲੀਆਂ ਦਾ ਨਿਰਮਾਣ ਉੱਚ ਗੁਣਵੱਤਾ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਹਰ ਵਾਰਡ ਵਿੱਚ ਲੋੜ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੇ ਹਰ ਵਾਰਡ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਡਿਪਟੀ ਮੇਅਰ ਰੰਜੀਤਾ ਚੌਧਰੀ, ਕੌਂਸਲਰ ਸੁਲੇਖਾ ਦੇਵੀ, ਰਾਜਵੀਰ ਬੱਲ, ਕੁਲਵਿੰਦਰ ਸਿੰਘ ਹੁੰਦਲ, ਕੌਂਸਲਰ ਜਸਵੰਤ ਰਾਏ ਕਾਲਾ, ਕੌਂਸਲਰ ਮੁਕੇਸ਼ ਕੁਮਾਰ ਮੱਲ, ਹਰਿੰਦਰ ਸਿੰਘ ਹੈਰੀ, ਗੁਰਮੀਤ ਸਿੰਘ ਅਤੇ ਪਵਨ ਛਾਉਣੀ ਕਲਾਂ ਤੋਂ ਇਲਾਵਾ ਇਲਾਕੇ ਦੇ ਨਿਵਾਸੀ ਵੀ ਹਾਜ਼ਰ ਸਨ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਬਹੁਜਨ ਸਮਾਜ ਨੂੰ ਜੀਣਾਂ ਸਿਖਾਇਆ -ਅਸੋਕ ਸੰਧੂ ਬਸਪਾ ਆਗੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

ਫਗਵਾੜਾ( ਚਰਨਜੀਤ ਸੱਲ੍ਹਾ ) ਪਿਛਲੇ ਦਿਨੀਂ 13 ਅਪ੍ਰੈਲ ਨੂੰ ਹਰੀਆਬਾਦ ਫਗਵਾੜਾ ਵਿਖੇ ਆਪਣੇ ਸਿਖੇਪ ਭਾਸ਼ਣ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਤੇ ਹਰੀਆਬਾਦ ਫਗਵਾੜਾ ਵਿਖੇ ਬਹੁਜਨ ਸਮਾਜ ਨੂੰ ਜੀਣਾਂ ਸਿਖਾ ਗਏ ਹਨ, ਨਹੀਂ ਤਾਂ ਇਨ੍ਹਾਂ ਕੋਲੋਂ ਸਭ ਹੱਕ ਖੋਹ ਕੇ ਮਨੂਵਾਦੀ



ਆਪ ਐਸ ਕਰਦੇ ਸਨ ਉਨ੍ਹਾਂ ਦੀ ਮਨ ਮਰਜ਼ੀ ਚੱਲਦੀ ਸੀ ਉਨ੍ਹਾਂ ਦਾ ਕਿਹਾ ਹੋਇਆ ਰੱਬ ਨਾਲੋਂ ਵੀ ਉੱਪਰ ਸੀ ਉਹ ਜ਼ੋ ਕਹਿੰਦੇ ਸਨ ਬਹੁਜਨ ਸਮਾਜ ਦੇ ਲੋਕ ਆਪਣੇ ਪਿਛਲੇ ਕਰਮਾਂ ਦਾ ਫਲ ਦੱਸਦੇ ਸਨ।ਪਰ ਬਾਬਾ ਸਾਹਿਬ ਡਾ ਅੰਬੇਡਕਰ ਜੀ ਉਨ੍ਹਾਂ ਦੀ ਕਾਰ ਛਤਾਨੀ ਨੂੰ ਸਮਝ ਗਏ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਨ੍ਹਾਂ ਦੀ ਮੰਨੂ ਸਿਮਰਤੀ ਨੂੰ ਜਲਾਇਆ। ਫਿਰ ਜਾਂ ਕਿ ਸਭ ਲੋਕਾਂ ਨੂੰ ਬਰਾਬਰਤਾ ਵਾਲਾ ਸੰਵਿਧਾਨ ਬਣਾਕੇ ਦਿੱਤਾ। ਇਸ ਗੱਲਬਾਤ ਅਸ਼ੋਕ ਸੰਧੂ ਬਸਪਾ ਆਗੂ ਨੇ ਕਹੀ। ਉਨ੍ਹਾਂ ਦੇ ਨਾਲ ਲੇਖ ਰਾਜ ਜਮਾਲਪੁਰੀ ਜਰਨਲ ਸਕੱਤਰ ਬਸਪਾ, ਚਿਰੰਜੀ ਲਾਲ ਐਮ ਸੀ ਪ੍ਰਧਾਨ ਬਸਪਾ ਫਗਵਾੜਾ, ਅਮਨਦੀਪ ਕੌਰ ਐਮ ਸੀ ਅਤੇ ਹੋਰ ਬਹੁਤ ਸਾਰੇ ਪਾਰਟੀ ਵਰਕਰ ਹਾਜ਼ਰ ਸਨ।

# ਰੇਹੜੀ ਵਰਕਰ ਮਈ ਦਿਹਾੜੇ ਦੇ ਸੰਮੇਲਨ ਵਿਚ ਭਰਨਗੇ ਭਰਵੀਂ ਹਾਜ਼ਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਰੇਹੜੀ ਵਰਕਰਜ਼ ਯੂਨੀਅਨ ਪਹਿਲੀ ਮਈ ਨੂੰ ਵਿਸ਼ਵਕਰਮਾ ਮੰਦਰ, ਰਾਹੋਂ ਰੋਡ ਨਵਾਂਸ਼ਹਿਰ ਵਿਖੇ ਇਫਟੂ ਵਲੋਂ ਮਨਾਏ ਜਾ ਰਹੇ ਜਿਲਾ ਪੱਧਰੀ ਕੌਮਾਂਤਰੀ ਮਜ਼ਦੂਰ ਦਿਵਸ ਸਬੰਧੀ ਮਜ਼ਦੂਰ ਸੰਮੇਲਨ ਵਿਚ ਭਰਵੀਂ ਹਾਜਰੀ ਲਾਵੇਗੀ।ਉਸ ਦਿਨ ਰੇਹੜੀ ਵਰਕਰ ਮੁਕੰਮਲ ਹੜਤਾਲ ਕਰਨਗੇ।ਇਹ ਫੈਸਲਾ ਨਵਾਂਸ਼ਹਿਰ ਵਿਖੇ ਰੇਹੜੀ ਵਰਕਰਾਂ ਭਰਵੀਂ ਮੀਟਿੰਗ ਵਿਚ ਲਿਆ।ਇਸ ਮੀਟਿੰਗ ਵਿਚ ਫਲਾਂ ਦੀਆਂ ਰੇਹੜੀਆਂ ਲਾਉਣ ਵਾਲੇ, ਸਬਜ਼ੀ ਰੇਹੜੀ, ਜੂਸ ਰੇਹੜੀ, ਕੁਲਚਾ ਰੇਹੜੀ ਅਤੇ ਹੋਰ ਕੰਮਕਾਜ ਦੀਆਂ ਰੇਹੜੀਆਂ ਵਾਲੇ 125 ਤੋਂ ਵੀ ਵੱਧ ਵਰਕਰਾਂ ਨੇ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ,ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਨੇ ਕਿਹਾ ਕਿ ਕੌਮਾਂਤਰੀ ਮਜ਼ਦੂਰ ਦਿਵਸ



ਕਿਰਤੀਆਂ ਦਾ ਬਹੁਤ ਹੀ ਮਹੱਤਤਾ ਵਾਲਾ ਇਤਿਹਾਸਕ ਦਿਹਾੜਾ ਹੈ।ਸਾਲ 1886 ਵਿਚ ਅਮਰੀਕਾ ਅੰਦਰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਦੇ ਨਾਲ ਹੋਰ ਮੰਗਾਂ ਨੂੰ ਲੈਕੇ ਕਿਰਤੀਆਂ ਨੇ ਖੂਨ ਵੀਟਵਾਂ ਸੰਘਰਸ਼ ਲੜਿਆ।ਅਮਰੀਕਾ ਦੇ ਸ਼ਿਕਾਗੋ ਸ਼ਹਿਰ ਅੰਦਰ ਹੜਤਾਲ ਅਤੇ ਮੁਜਾਹਰਾ ਕਰ ਰਹੇ ਕਿਰਤੀਆਂ ਉੱਤੇ ਪੁਲਸ ਨੇ ਗੋਲੀਆਂ ਚਲਾਈਆਂ ਅਤੇ ਹੋਰ ਜਬਰ ਢਾਹਿਆ।ਸੜਕਾਂ ਉੱਤੇ ਡੁੱਲ੍ਹੇ ਕਿਰਤੀਆਂ ਦੇ ਲਹੂ ਨਾਲ ਸਫੈਦ ਝੰਡਾ ਲਹੂ ਨਾਲ ਰੰਗਿਆ ਗਿਆ।ਕਿਰਤੀਆਂ ਦੇ ਇਸ ਸੰਘਰਸ਼ ਅੱਗੇ ਅਮਰੀਕਾ ਦੀ ਪੂੰਜੀਪਤੀ ਪੱਖੀ ਸਰਕਾਰ ਨੂੰ ਗੋਡੇ ਟੇਕ ਕੇ ਕਿਰਤੀਆਂ ਦੀਆਂ ਮੰਗਾਂ ਮੰਨਣੀਆਂ ਪਈਆਂ।ਜਿਸ ਉਪਰੰਤ ਦੁਨੀਆਂ ਭਰ ਦੇ ਕਿਰਤੀਆਂ ਨੇ ਪਹਿਲੀ ਮਈ ਨੂੰ 'ਕੌਮਾਂਤਰੀ ਮਜ਼ਦੂਰ ਦਿਵਸ' ਵਜੋਂ ਮਨਾਉਣਾ ਸ਼ੁਰੂ ਕੀਤਾ।ਆਗੂਆਂ ਨੇ ਕਿਹਾ ਕਿ ਅੱਜ ਕੌਮੀ ਪੱਧਰ ਅਤੇ ਕੌਮਾਂਤਰੀ ਪੱਧਰ ਉੱਤੇ ਕਿਰਤੀ ਵਰਗ ਅੱਗੇ ਬੜੀਆਂ ਵੱਡੀਆਂ ਚਣੌਤੀਆਂ ਹਨ।ਮੋਦੀ ਸਰਕਾਰ ਨੇ ਪਹਿਲੇ ਮਜ਼ਦੂਰ ਪੱਖੀ ਕਿਰਤ ਕਾਨੂੰਨ ਰੱਦ ਕਰਕੇ ਮਜ਼ਦੂਰ ਵਿਰੋਧੀ ਅਤੇ ਪੂੰਜੀਪਤੀ ਪੱਖੀ ਚਾਰ ਕਿਰਤ ਕੋਡ ਲਿਆਂਦੇ ਹਨ ਜੋ ਕਿਰਤੀ ਵਰਗ ਉੱਤੇ ਮੋਦੀ ਸਰਕਾਰ ਦਾ ਬਹੁਤ ਵੱਡਾ ਹਮਲਾ ਹੈ।ਦੇਸ਼ ਵਿਚ ਕੰਮ ਸਥਾਨਾਂ ਦੀ ਅਸੁਰੱਖਿਆ ਨਿੱਤ ਮਜ਼ਦੂਰਾਂ ਦੀਆਂ ਜਾਨਾਂ ਲੈ ਰਹੀ ਹੈ।ਮਾਲਕਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬਾ ਸਰਕਾਰਾਂ ਮਾਲਕਾਂ ਦੀ ਪਿੱਠ ਥਾਪੜ ਰਹੀਆਂ ਹਨ।ਇਹ ਸਰਕਾਰਾਂ ਕਿਰਤੀਆਂ, ਕਿਸਾਨਾਂ, ਮੁਲਾਜਮਾ ਦੇ ਪੁਰਅਮਨ ਰੈਲੀਆਂ, ਧਰਨਿਆਂ ਅਤੇ ਮੁਜਾਹਰਿਆਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀਆਂ ਹਨ।ਸਰਕਾਰਾਂ ਲੋਕਾਂ ਵਿਚ ਧਾਰਮਿਕ ਜਨੂੰਨ ਭੜਕਾ ਕੇ ਉਹਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਪੂੰਜੀਪਤੀਆਂ ਦੀ ਸੇਵਾ ਕਰ ਰਹੀਆਂ ਹਨ।ਮਹਿੰਗਾਈ ,ਬੇਰੁਜ਼ਗਾਰੀ ,ਭ੍ਰਿਸ਼ਟਾਚਾਰ ਤੋਂ ਦੁਖੀ ਆਮ ਜਨਤਾ ਕਰਾਹ ਰਹੀ ਹੈ।ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਖੁਦ ਹੀ ਪੈਰਾਂ ਹੇਠ ਦਰੜ ਰਹੀਆਂ ਹਨ।ਪਰਵਾਸੀ ਮਜ਼ਦੂਰਾਂ ਵਿਰੁੱਧ ਕੂੜ ਪ੍ਰਚਾਰ ਕਰਕੇ ਮਜ਼ਦੂਰ ਵਿਰੋਧੀ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਸ ਵਿਚ ਸਰਕਾਰੀ ਏਜੰਸੀਆਂ ਬਹੁਤ ਹੀ ਘਟੀਆ ਹੱਥਕੰਡੇ ਵਰਤ ਰਹੀਆਂ ਹਨ।ਉਹਨਾਂ ਨੇ ਮਜ਼ਦੂਰ ਵਰਗ ਨੂੰ ਸੁਚੇਤ ਰਹਿਣ ਅਤੇ ਆਪਣੀ ਤਾਕਤ ਨੂੰ ਜਥੇਬੰਦ ਕਰਕੇ ਆਪਣੇ ਆਪ ਨੂੰ ਤਿੱਖੇ ਸੰਘਰਸ਼ਾਂ ਵਿਚ ਪਾਉਣ ਦਾ ਸੱਦਾ ਦਿੱਤਾ।ਰੇਹੜੀ ਵਰਕਰਾਂ ਨੇ ਮੀਟਿੰਗ ਵਿਚ ਪਹਿਲੀ ਮਈ ਨੂੰ ਮਜ਼ਦੂਰ ਸੰਮੇਲਨ ਵਿਚ ਭਰਵੀਂ ਹਾਜ਼ਰੀ ਲਵਾਉਣ ਅਤੇ ਹੋਰ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।ਇਸ ਮੌਕੇ ਕਿਸ਼ੋਰ ਕੁਮਾਰ, ਗੋਪਾਲ, ਰਾਮ,ਰਾਜੂ,ਸੀਤਾ ਰਾਮ,ਤਾਹਿਰ,ਕਪਿਲ, ਹਰੀ ਰਾਮ ਅਤੇ ਹੋਰ ਆਗੂ ਵੀ ਮੌਜੂਦ ਸਨ।

# ਪੰਜਾਬ ਦੇ ਇੱਕ ਸਰਕਾਰੀ ਹਸਪਤਾਲ ਦੇ ਬਾਥਰੂਮ 'ਚੋਂ ਨੌਜਵਾਨ ਦੀ ਲਾਸ਼ ਮਿਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 21 ਅਪਰੈਲ INTERNATIONAL PAPER, 9463601616 hardipchumber57@gmail.com

ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੇ ਬਾਥਰੂਮ 'ਚੋਂ ਇਕ ਨੌਜਵਾਨ ਦੀ ਲਾਸ਼ ਮਿਲੀ ਹੈ। ਉਸ ਦੇ ਨੇੜਿਓਂ ਇੱਕ ਟੀਕਾ ਮਿਲਿਆ ਹੈ। ਐੱਸਐੱਮਓ ਨੇ ਦੱਸਿਆ ਕਿ ਉਸ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਹੈ। ਉਹ ਬਾਥਰੂਮ ਕਰਨ ਲਈ ਗਿਆ ਸੀ।

ਐਸਐਮਓ ਡਾ: ਐਰਿਕ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਇਸ ਕਾਰਨ ਮਜ਼ਦੂਰ ਕੰਮ ਕਰ ਰਹੇ ਹਨ। ਬਾਥਰੂਮ ਵਿੱਚ ਵੀ ਕੰਮ ਚੱਲ ਰਿਹਾ ਸੀ। ਪਰ ਇੱਕ ਨੌਜਵਾਨ ਭੱਜ ਕੇ ਆਇਆ। ਜਿਸ ਨੇ ਕਿਹਾ ਕਿ ਉਸਨੂੰ ਟਾਇਲਟ ਜਾਣਾ ਹੈ। ਜਿਸ ਨੂੰ ਮਜ਼ਦੂਰਾਂ ਨੇ ਜਾਣ ਦਿੱਤਾ।

ਕਾਫੀ ਦੇਰ ਬਾਅਦ ਜਦੋਂ ਉਹ ਬਾਹਰ ਨਾ ਆਇਆ ਤਾਂ ਮਜ਼ਦੂਰਾਂ ਨੇ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਫਿਰ ਵੀ ਅੰਦਰੋਂ ਕੋਈ ਜਵਾਬ ਨਾ ਮਿਲਣ 'ਤੇ ਇਕ ਮਜ਼ਦੂਰ ਬਾਥਰੂਮ ਦੀ ਕੰਧ 'ਤੇ ਚੜ੍ਹ ਕੇ ਅੰਦਰ ਝਾਕਿਆ। ਨੌਜਵਾਨ ਬਾਥਰੂਮ ਵਿੱਚ ਬੇਹੋਸ਼ ਪਿਆ ਸੀ।

